10-JAN-PAGE-1.qxd 1/9/2023 10:34 PM Page 1

ਮੰਗਲਵਾਰ, 10 ਜਨਵਰੀ, 2023
26 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 221

# ਨਵਾਂ ਜ਼ਮਾਨਾ

DAILY NAWAN ZAMANA • TUESDAY, 10 JANUARY, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
E-mail : nawanzamana@gmail.com
www.nawanzamana.in
ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

## ਬ੍ਰਾਜ਼ੀਲੀ ਸੰਸਦ 'ਤੇ ਫਾਸ਼ੀਵਾਦੀ ਹਮਲਾ

### ਹਾਰੇ ਰਾਸ਼ਟਰਪਤੀ ਬੋਲਸੋਨਾਰੋ ਦੇ ਹਮਾਇਤੀਆਂ ਵੱਲੋਂ ਸੁਪਰੀਮ ਕੋਰਟ ਤੇ ਰਾਸ਼ਟਰਪਤੀ ਮਹਿਲ 'ਚ ਵੀ ਭੰਨਤੋੜ

**ਬ੍ਰਾਜ਼ੀਲੀਆ :** ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਜ਼ਾਇਰ ਬੋਲਸੋਨਾਰੋ ਦੇ ਹਮਾਇਤੀ ਐਤਵਾਰ ਪੁਲਸ ਬੈਰੀਕੇਡ ਤੋੜ ਕੇ ਸੁਪਰੀਮ ਕੋਰਟ, ਸੰਸਦ, ਰਾਸ਼ਟਰਪਤੀ ਮਹਿਲ ਵਿਚ ਦਾਖਲ ਹੋ ਗਏ ਅਤੇ ਕਈ ਹੋਰ ਥਾਵਾਂ 'ਤੇ ਹਮਲਾ ਕਰ ਦਿੱਤਾ। ਬੋਲਸੋਨਾਰੋ ਦੇ ਹਮਾਇਤੀਆਂ ਵੱਲੋਂ ਇਹ ਹਮਲਾ ਨਵੇਂ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਦੇ ਅਹੁਦਾ ਸੰਭਾਲਣ ਤੋਂ ਹਫਤੇ ਬਾਅਦ ਕੀਤਾ ਗਿਆ ਹੈ। ਬੋਲਸੋਨਾਰੋ ਨੇ ਆਪਣੇ ਖਿਲਾਫ ਚੋਣ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਉਦੋਂ ਤੋਂ ਉਨ੍ਹਾ ਦੇ ਹਮਾਇਤੀ ਪ੍ਰਦਰਸ਼ਨ ਕਰ ਰਹੇ ਹਨ। ਹਜ਼ਾਰਾਂ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਛੱਤਾਂ 'ਤੇ ਚੜ੍ਹ ਗਏ, ਖਿੜਕੀਆਂ ਤੋੜ ਦਿੱਤੀਆਂ ਅਤੇ ਤਿੰਨ ਇਮਾਰਤਾਂ 'ਤੇ ਧਾਵਾ ਬੋਲ ਦਿੱਤਾ। ਪੁਲਸ ਨੇ 400 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ ਕਿ ਇਸ ਘਟਨਾਕ੍ਰਮ 'ਤੇ ਉਹ ਬੇਹੱਦ ਚਿੰਤਤ ਹਨ। ਜਮਹੂਰੀਅਤ ਦਾ ਸਭ ਨੂੰ ਸਨਮਾਨ ਕਰਨਾ ਚਾਹੀਦਾ ਹੈ। ਉਹ ਬ੍ਰਾਜ਼ੀਲ ਦੇ ਅਧਿਕਾਰੀਆਂ ਨੂੰ ਪੂਰਾ ਸਮਰਥਨ ਦਿੰਦੇ ਹਨ।

ਪੁਲਸ ਨੇ ਸਰਕਾਰੀ ਇਮਾਰਤਾਂ 'ਤੇ ਕਬਜ਼ਾ ਕਰਨ ਵਾਲਿਆਂ ਨੂੰ ਬਾਹਰ ਕੱਢ ਦਿੱਤਾ ਸੀ ਤੇ ਹਮਲੇ ਨੂੰ ਅਚਾਨਕ ਕੀਤਾ ਗਿਆ ਹਮਲਾ ਦੱਸਿਆ ਹੈ। ਰਾਸ਼ਟਰਪਤੀ ਲੂਲਾ ਨੇ ਇਸ ਨੂੰ ਫਾਸ਼ੀਵਾਦੀ ਹਮਲਾ ਕਰਾਰ ਦਿੱਤਾ।

ਬ੍ਰਾਜ਼ੀਲ ਦੀਆਂ ਪ੍ਰਮੁੱਖ ਸਰਕਾਰੀ ਇਮਾਰਤਾਂ ਵਿਚ ਜਿਸ ਤਰ੍ਹਾਂ ਦੀ ਹਿੰਸਾ ਹੋਈ ਹੈ, ਉਸੇ ਤਰ੍ਹਾਂ ਦੀ 2 ਸਾਲ ਪਹਿਲਾਂ 6 ਜਨਵਰੀ 2021 ਨੂੰ ਅਮਰੀਕਾ ਵਿਚ ਹੋਈ ਸੀ। ਉਦੋਂ ਚੋਣ ਹਾਰ ਗਏ ਡੋਨਾਲਡ ਟਰੰਪ ਦੇ ਹਮਾਇਤੀਆਂ ਨੇ ਕੈਪੀਟਲ ਹਿਲ ਯਾਨੀ ਅਮਰੀਕੀ ਸੰਸਦ ਵਿਚ ਦਾਖਲ ਹੋ ਕੇ ਹਿੰਸਾ ਕੀਤੀ ਸੀ। ਇਸ ਘਟਨਾ ਦੀ ਜਾਂਚ ਕਰਨ ਵਾਲੀ ਕਮੇਟੀ ਨੇ ਹਿੰਸਾ ਲਈ ਪੂਰੀ ਤਰ੍ਹਾਂ ਟਰੰਪ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

ਬ੍ਰਾਜ਼ੀਲ ਦੇ ਨਿਆਂ ਮੰਤਰੀ ਫਲੈਵੀਓ ਡੀਨੋ ਨੇ ਕਿਹਾ—ਇੰਟਰਨੈੱਟ 'ਤੇ ਅਜੇ ਵੀ ਕੁਝ ਲੋਕ ਕਹਿ ਰਹੇ ਹਨ ਕਿ ਅਜਿਹੀਆਂ ਅੱਤਵਾਦੀ ਘਟਨਾਵਾਂ ਰੁਕਣਗੀਆਂ ਨਹੀਂ, ਪਰ ਅਸੀਂ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦੇਵਾਂਗੇ। ਉਹ ਬ੍ਰਾਜ਼ੀਲ ਦੀ ਜਮਹੂਰੀਅਤ ਨੂੰ ਬਰਬਾਦ ਨਹੀਂ ਕਰ ਸਕਣਗੇ। ਅਸੀਂ ਸਿਆਸੀ ਸੰਘਰਸ਼ ਨੂੰ ਅਪਰਾਧ ਦੇ ਰਾਹ ਨਹੀਂ ਜਾਣ ਦੇਵਾਂਗੇ। ਅਪਰਾਧੀਆਂ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਜਾਵੇਗਾ। ਬੋਲਸੋਨਾਰੋ ਨੇ ਟਵੀਟ ਕੀਤਾ ਹੈ ਕਿ ਵਿਰੋਧ ਹਮੇਸ਼ਾ ਪੁਰਅਮਨ ਤੇ ਕਾਨੂੰਨ ਦੇ ਦਾਇਰੇ ਵਿਚ ਹੋਣਾ ਚਾਹੀਦਾ ਹੈ। ਸਰਕਾਰੀ ਇਮਾਰਤਾਂ 'ਤੇ ਹਮਲੇ ਗੈਰ-ਕਾਨੂੰਨੀ ਹਨ।

## ਰਾਹੁਲ ਵੱਲੋਂ ਕਿਸਾਨ ਆਗੂਆਂ ਨਾਲ ਗੱਲਬਾਤ

ਭਾਰਤ ਜੋੜੋ ਯਾਤਰਾ ਦੌਰਾਨ ਸ਼ਾਹਬਾਦ (ਹਰਿਆਣਾ) 'ਚ ਰਾਹੁਲ ਗਾਂਧੀ ਨੇ ਕਿਸਾਨ ਨੇਤਾਵਾਂ ਨਾਲ ਚਰਚਾ ਕੀਤੀ। ਇਸ ਮੌਕੇ ਕਿਸਾਨ ਨੇਤਾ ਰਾਕੇਸ਼ ਟਿਕੈਤ, ਯੁੱਧਵੀਰ ਸਿੰਘ, ਯੋਗੇਂਦਰ ਯਾਦਵ ਤੋਂ ਇਲਾਵਾ ਪੰਜਾਬ ਦੇ ਵੀ ਕਿਸਾਨ ਨੇਤਾ ਸ਼ਾਮਲ ਸਨ। ਕਿਸਾਨ ਨੇਤਾਵਾਂ ਨਾਲ ਕਿਸਾਨੀ ਨਾਲ ਜੁੜੇ ਮੁੱਦਿਆਂ ਤੋਂ ਇਲਾਵਾ ਦਿੱਲੀ ਬਾਰਡਰ 'ਤੇ ਇੱਕ ਸਾਲ ਚੱਲੇ ਕਿਸਾਨ ਅੰਦੋਲਨ ਨੂੰ ਲੈ ਕੇ ਗੱਲਬਾਤ ਕੀਤੀ। ਮੌਜੂਦਾ ਸਮੇਂ 'ਚ ਭਾਰਤ ਜੋੜੋ ਯਾਤਰਾ ਦੌਰਾਨ ਹਰਿਆਣਾ 'ਚ ਹੈ। ਇਸ ਤੋਂ ਬਾਅਦ ਇਹ ਯਾਤਰਾ ਪੰਜਾਬ ਅਤੇ ਜੰਮੂ ਕਸ਼ਮੀਰ ਵੱਲ ਵਧੇਗੀ। ਇਸ ਨੂੰ ਲੈ ਕੇ ਕੇਂਦਰੀ ਸੁਰੱਖਿਆ ਏਜੰਸੀਆਂ ਨੇ ਜ਼ਰੂਰੀ ਇੰਤਜ਼ਾਮ ਕੀਤੇ ਹਨ।

## ਕਸ਼ਮੀਰੀ ਸਾਹਿਤ ਦੇ ਪਿਤਾਮਾ ਪ੍ਰੋ. ਰਹਿਮਾਨ ਰਾਹੀ ਦਾ ਦੇਹਾਂਤ



**ਸ੍ਰੀਨਗਰ :** ਕਸ਼ਮੀਰੀ ਸਾਹਿਤ ਦੇ ਪਿਤਾਮਾ ਤੇ ਗਿਆਨਪੀਠ ਐਵਾਰਡੀ ਪ੍ਰੋਫੈਸਰ ਰਹਿਮਾਨ ਰਾਹੀ (98) ਦਾ ਸੋਮਵਾਰ ਸਵੇਰੇ ਇੱਥੇ ਵਿਚਾਰਨਾਗ ਰਿਹਾਇਸ਼ 'ਚ ਦੇਹਾਂਤ ਹੋ ਗਿਆ। ਉਨ੍ਹਾ ਨੂੰ ਕਵਿਤਾ ਸੰਗ੍ਰਹਿ 'ਨਵਰੋਜ਼-ਇ-ਸਬਾ' ਲਈ 1961 ਵਿਚ ਸਾਹਿਤ ਅਕਾਦਮੀ ਐਵਾਰਡ, 2000 ਵਿਚ ਪਦਮਸ੍ਰੀ ਅਤੇ 2007 ਵਿਚ ਸਾਹਿਤ ਦਾ ਸਭ ਤੋਂ ਵੱਡਾ ਗਿਆਨਪੀਠ ਐਵਾਰਡ (2004 ਲਈ) ਮਿਲਿਆ ਸੀ। ਉਹ ਗਿਆਨਪੀਠ ਐਵਾਰਡ ਹਾਸਲ ਕਰਨ ਵਾਲੇ ਪਹਿਲੇ ਕਸ਼ਮੀਰੀ ਲੇਖਕ ਸਨ। ਇਹ ਐਵਾਰਡ ਕਵਿਤਾ ਸੰਗ੍ਰਹਿ 'ਸਿਆਹ ਰੂਦ ਜਾਏਰੇਨ ਮੰਜ਼' (ਕਾਲੀ ਭੂਰ 'ਚ) ਲਈ ਮਿਲਿਆ ਸੀ।

## ਰਣਜੀਤ ਬਾਵਾ ਦੇ ਪੀ ਏ ਦੀ ਹਾਦਸੇ 'ਚ ਮੌਤ

**ਜਲੰਧਰ :** ਗੱਡੀ ਪਿੰਡ ਲਿੱਧੜਾਂ ਨੇੜੇ ਪੁਲ ਦੇ ਪਿੱਲਰ ਨਾਲ ਟਕਰਾਉਣ ਕਰਕੇ ਪੰਜਾਬੀ ਗਾਇਕ ਰਣਜੀਤ ਬਾਵਾ ਦੇ ਪੀ ਏ ਡਿਪਟੀ ਵੋਹਰਾ ਵਾਸੀ ਬਟਾਲਾ ਦੀ ਮੌਤ ਹੋ ਗਈ। ਥਾਣਾ ਮਕਸੂਦਾਂ ਦੇ ਸਬ-ਇੰਸਪੈਕਟਰ ਕੁਲਬੀਰ ਸਿੰਘ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਐਤਵਾਰ ਰਾਤ 12 ਵਜੇ ਦੇ ਕਰੀਬ ਮਿਲੀ ਸੀ।

## ਜਹਾਜ਼ 'ਚ ਖਰੂਦ ਪਾਉਣ ਵਾਲੇ ਦੋ ਸ਼ਰਾਬੀ ਗ੍ਰਿਫਤਾਰ

**ਪਟਨਾ :** ਦਿੱਲੀ ਤੋਂ ਪਟਨਾ ਜਾ ਰਹੀ ਇੰਡੀਗੋ ਦੀ ਉਡਾਣ ਨੰਬਰ 6 ਈ-6383 'ਚ ਖਰੂਦ ਪਾਉਣ ਵਾਲੇ ਦੋ ਸ਼ਰਾਬੀ ਯਾਤਰੀਆਂ ਨੂੰ ਗ੍ਰਿਫਤਾਰ ਕਰਕੇ ਏਅਰਪੋਰਟ ਪੁਲਸ ਸਟੇਸ਼ਨ 'ਚ ਡੱਕਣਾ ਪਿਆ। ਪਟਨਾ ਹਵਾਈ ਅੱਡੇ ਦੇ ਐੱਸ ਐੱਚ ਓ ਨੇ ਦੱਸਿਆ ਕਿ ਇੰਡੀਗੋ ਦੇ ਮੈਨੇਜਰ ਵੱਲੋਂ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਪੁਲਸ ਨੇ ਕਾਰਵਾਈ ਕੀਤੀ।

## ਕੋਵੋਵੈਕਸ ਵੈਕਸੀਨ ਨੂੰ ਮਨਜ਼ੂਰੀ ਦੋ ਹਫਤਿਆਂ 'ਚ

**ਪੁਣੇ :** ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਸੀ ਈ ਓ ਆਦਰ ਪੂਨਾਵਾਲਾ ਨੇ ਕਿਹਾ ਹੈ ਕਿ ਉਨ੍ਹਾ ਦੀ ਕੋਵੋਵੈਕਸ ਵੈਕਸੀਨ ਨੂੰ ਅਗਲੇ 10 ਤੋਂ 15 ਦਿਨਾਂ 'ਚ ਐਂਟੀ-ਕੋਵਿਡ-19 'ਬੂਸਟਰ' ਖੁਰਾਕ ਵਜੋਂ ਮਨਜ਼ੂਰੀ ਮਿਲ ਜਾਵੇਗੀ। ਉਨ੍ਹਾ ਇੱਥੇ ਭਾਰਤੀ ਵਿਦਿਆਪੀਠ ਯੂਨੀਵਰਸਿਟੀ 'ਚ ਇੱਕ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਟੀਕਾ ਕੋਰੋਨਾ ਵਾਇਰਸ ਦੇ ਓਮੀਕਰੋਨ ਰੂਪ ਦੇ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਹੈ। ਰਾਜਾਂ ਅਤੇ ਜ਼ਿਲ੍ਹਿਆਂ ਨੂੰ ਕੋਵਿਸ਼ੀਲਡ ਵੈਕਸੀਨ ਨਾ ਮਿਲਣ ਬਾਰੇ ਪੁੱਛੇ ਜਾਣ 'ਤੇ ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਕੋਲ ਸਪਲਾਈ ਲਈ ਟੀਕੇ ਦਾ ਕਾਫੀ ਸਟਾਕ ਹੈ।

## ਮਜ਼ਦੂਰ ਦੀ ਝੁੱਗੀ ਨੂੰ ਅੱਗ, 2 ਬੱਚਿਆਂ ਦੀ ਮੌਤ, 3 ਦੀ ਹਾਲਤ ਨਾਜ਼ੁਕ

**ਮੁੱਲਾਂਪੁਰ ਦਾਖਾ :** ਨੇੜਲੇ ਪਿੰਡ ਮੰਡਿਆਣੀ ਵਿਚ ਐਤਵਾਰ ਰਾਤ ਪਰਵਾਸੀ ਮਜ਼ਦੂਰ ਦੀ ਝੁੱਗੀ ਨੂੰ ਅੱਗ ਲੱਗਣ ਕਾਰਨ 6 ਬੱਚੇ ਝੁਲਸ ਗਏ। ਦੋ ਬੱਚਿਆਂ ਦੀ ਮੌਤ ਹੋ ਗਈ, ਜਦਕਿ ਆਪਣੀ ਜਾਨ 'ਤੇ ਖੇਡ ਕੇ ਮਾਂ ਸੁਨੀਤਾ 4 ਬੱਚਿਆਂ ਨੂੰ ਕੱਢ ਕੇ ਲਿਆਉਣ ਵਿਚ ਸਫਲ ਰਹੀ। ਬੁਰੀ ਤਰ੍ਹਾਂ ਜ਼ਖਮੀ ਤਿੰਨ ਬੱਚਿਆਂ ਨੂੰ ਪੀ ਜੀ ਆਈ ਰੈਫਰ ਕਰਨਾ ਪਿਆ, ਜਿਨ੍ਹਾਂ ਵਿਚੋਂ ਦੋ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਗਈ ਹੈ। ਪਰਵਾਸੀ ਮਜ਼ਦੂਰ ਭੂਦਨ ਰਾਤ ਸਮੇਂ ਮਜ਼ਦੂਰੀ ਕਰਨ ਚਲਾ ਗਿਆ ਸੀ ਅਤੇ ਸੁਨੀਤਾ ਬੱਚਿਆਂ ਸਮੇਤ ਝੁੱਗੀ ਵਿਚ ਸੁੱਤੀ ਸੀ। ਅਚਾਨਕ ਦੀਵਾ ਹੇਠਾਂ ਡਿੱਗਣ ਕਾਰਨ ਅੱਗ ਲੱਗ ਗਈ। ਬ੍ਰਿਜੂ (2 ਸਾਲ) ਅਤੇ ਸੁਬਰਾ (4 ਸਾਲ) ਦੀ ਮੌਕੇ 'ਤੇ ਮੌਤ ਹੋ ਗਈ। ਪਰਵੀਰ (8), ਕੋਮਲ (6), ਅਪਨ (4) ਵਿਚੋਂ ਪਰਵੀਰ ਅਤੇ ਕੋਮਲ ਦੀ ਹਾਲਤ ਨਾਜ਼ੁਕ ਹੈ। ਚਾਰ ਮਹੀਨੇ ਦੀ ਇੰਦੂ, ਜਿਹੜੀ ਮਾਂ ਦੀ ਗੋਦ ਵਿਚ ਸੁੱਤੀ ਸੀ, ਉਹ ਬਚ ਗਈ।

## ਮਨਪ੍ਰੀਤ ਅਮਰੀਕਾ ਦੀ ਪਹਿਲੀ ਮਹਿਲਾ ਸਿੱਖ ਜੱਜ ਬਣੀ

**ਹਿਊਸਟਨ :** ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਨੇ ਹੈਰਿਸ ਕਾਊਂਟੀ ਦੀ ਜੱਜ ਵਜੋਂ ਸਹੁੰ ਚੁੱਕ ਲਈ ਹੈ ਤੇ ਉਹ ਅਮਰੀਕਾ ਦੀ ਪਹਿਲੀ ਮਹਿਲਾ ਸਿੱਖ ਜੱਜ ਬਣ ਗਈ ਹੈ। ਉਸ ਦਾ ਜਨਮ ਅਤੇ ਪਾਲਣ-ਪੋਸਣ ਹਿਊਸਟਨ 'ਚ ਹੋਇਆ ਹੈ ਅਤੇ ਹੁਣ ਉਹ ਆਪਣੇ ਪਤੀ ਅਤੇ ਦੋ ਬੱਚਿਆਂ ਨਾਲ ਬੇਲੇਅਰ 'ਚ ਰਹਿੰਦੀ ਹੈ।

## ਲੈਫਟੀਨੈਂਟ ਕਰਨਲ ਵੱਲੋਂ ਪਤਨੀ ਮਾਰ ਕੇ ਖੁਦਕੁਸ਼ੀ

**ਫਿਰੋਜ਼ਪੁਰ :** 44 ਸਾਲਾ ਲੈਫਟੀਨੈਂਟ ਕਰਨਲ ਨੇ 42 ਸਾਲਾ ਪਤਨੀ ਦੇ ਮੱਥੇ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਤੇ ਫਿਰ ਖੁਦ ਵੀ ਖੁਦਕੁਸ਼ੀ ਕਰ ਲਈ। ਘਟਨਾ ਐਤਵਾਰ ਰਾਤ ਸਵਾ 9 ਵਜੇ ਦੀ ਹੈ। ਹਿਮਾਚਲ ਦਾ ਲੈਫਟੀਨੈਂਟ ਕਰਨਲ ਨਿਸ਼ਾਂਤ ਉੱਤਰਾਖੰਡ ਦੀ ਪਤਨੀ ਡਿੰਪਲ ਨੂੰ ਮਾਰ ਕੇ ਯੂਨਿਟ ਦੇ ਮੰਦਰ ਗਿਆ ਤੇ ਪ੍ਰਾਰਥਨਾ ਕਰਨ ਤੋਂ ਬਾਅਦ ਖੁਦ ਨੂੰ ਗੋਲੀ ਮਾਰ ਲਈ। ਅਧਿਕਾਰੀਆਂ ਨੇ ਪਤਨੀ ਨਾਲ ਸੰਪਰਕ ਕੀਤਾ ਤਾਂ ਕੋਈ ਜਵਾਬ ਨਹੀਂ ਮਿਲਿਆ। ਜਾ ਕੇ ਦੇਖਿਆ ਤਾਂ ਉਹ ਮਰੀ ਪਈ ਸੀ। ਲੈਫਟੀਨੈਂਟ ਨੇ ਪਿੱਛੇ ਛੱਡੇ ਖੁਦਕੁਸ਼ੀ ਨੋਟ ਵਿਚ ਕਿਹਾ ਹੈ ਕਿ ਆਪਸੀ ਕਲੇਸ਼ ਕਾਰਨ ਉਸ ਨੇ ਪਤਨੀ ਨੂੰ ਮਾਰਿਆ।

ਫੌਜ ਦੇ ਲੋਕ ਸੰਪਰਕ ਅਧਿਕਾਰੀ ਨੇ ਦੱਸਿਆ ਕਿ ਜੋੜੇ ਵਿਚਾਲੇ ਸੁਲ੍ਹਾ-ਸਫਾਈ ਦੇ ਜਤਨ ਕੀਤੇ ਜਾ ਰਹੇ ਸਨ।

## ਅਮੁਲ ਦੇ ਐੱਮ ਡੀ ਮੁਸਤਫੀ

**ਨਵੀਂ ਦਿੱਲੀ :** ਆਰ ਐੱਸ ਸੋਢੀ ਨੇ ਅਮੁਲ ਬਰਾਂਡ ਦੇ ਉਤਪਾਦ ਬਣਾਉਣ ਵਾਲੀ ਗੁਜਰਾਤ ਕੋਆਪ੍ਰੇਟਿਵ ਮਿਲਕ ਮਾਰਕੇਟਿੰਗ ਫੈਡਰੇਸ਼ਨ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਤੋਂ ਸੋਮਵਾਰ ਅਸਤੀਫਾ ਦੇ ਦਿੱਤਾ। ਉਹ ਦੋ ਸਾਲ ਤੋਂ ਐਕਸਟੈਂਸ਼ਨ 'ਤੇ ਸਨ। ਉਹ 40 ਤੋਂ ਵੱਧ ਸਾਲ ਪਹਿਲਾਂ ਸੇਲਜ਼ ਆਫੀਸਰ ਵਜੋਂ ਸੇਵਾ ਵਿਚ ਆਏ ਸਨ ਤੇ ਤਰੱਕੀ ਕਰਕੇ ਜੂਨ 2010 ਵਿਚ ਮੈਨੇਜਿੰਗ ਡਾਇਰੈਕਟਰ ਬਣੇ। ਉਹ ਇੰਡੀਅਨ ਡੇਅਰੀ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ।

## ਫੌਜੀਆਂ ਨੂੰ ਪੈਨਸ਼ਨ ਬਕਾਏ 15 ਮਾਰਚ ਤੱਕ ਦੇਣ ਦੇ ਹੁਕਮ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਹਥਿਆਰਬੰਦ ਬਲਾਂ ਦੇ ਸਾਰੇ ਯੋਗ ਪੈਨਸ਼ਨਰਾਂ ਨੂੰ ਵਨ ਰੈਂਕ-ਵਨ ਪੈਨਸ਼ਨ ਦੇ ਬਕਾਏ ਦਾ ਭੁਗਤਾਨ ਕਰਨ ਲਈ ਕੇਂਦਰ ਨੂੰ 15 ਮਾਰਚ ਤੱਕ ਦਾ ਸਮਾਂ ਦਿੱਤਾ ਹੈ। ਇਸ ਦੇ ਨਾਲ ਅਦਾਲਤ ਨੇ ਕੇਂਦਰ ਨੂੰ ਵਨ ਰੈਂਕ ਵਨ ਪੈਨਸ਼ਨ ਦੇ ਸਾਰੇ ਬਕਾਏ ਜਲਦੀ ਅਦਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਉਸ ਨੇ ਕਿਹਾ ਕਿ ਜੇ ਸਾਬਕਾ ਸੈਨਿਕ ਐਸੋਸੀਏਸ਼ਨ ਵਨ ਰੈਂਕ ਵਨ ਪੈਨਸ਼ਨ ਦੇ ਬਕਾਏ ਦੇ ਭੁਗਤਾਨ 'ਤੇ ਕੇਂਦਰ ਦੀ ਕਿਸੇ ਕਾਰਵਾਈ ਤੋਂ ਦੁਖੀ ਹੁੰਦੀ ਹੈ ਤਾਂ ਉਹ ਅਦਾਲਤ 'ਚ ਇਸ ਖਿਲਾਫ ਅਰਜ਼ੀ ਦਾਇਰ ਕਰ ਸਕਦੀ ਹੈ।

## ਅਰਸ਼ ਡੱਲਾ ਵਿਅਕਤੀਗਤ ਦਹਿਸ਼ਤਗਰਦ ਕਰਾਰ

**ਨਵੀਂ ਦਿੱਲੀ :** ਕੇਂਦਰੀ ਗ੍ਰਹਿ ਮੰਤਰਾਲੇ ਨੇ ਕਤਲ, ਅੱਤਵਾਦ ਫੰਡਿੰਗ ਅਤੇ ਜਬਰੀ ਵਸੂਲੀ 'ਚ ਸ਼ਾਮਲ ਕੈਨੇਡਾ ਵਿਚਲੇ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ ਨੂੰ ਯੂ ਏ ਪੀ ਏ ਤਹਿਤ 'ਵਿਅਕਤੀਗਤ ਦਹਿਸ਼ਤਗਰਦ' ਐਲਾਨਿਆ ਹੈ।

## ਤਾਮਿਲਨਾਡੂ ਸਰਕਾਰ ਤੇ ਰਾਜਪਾਲ ਵਿਚਾਲੇ ਰੱਫੜ ਵਧਿਆ

**ਚੇਨਈ :** ਹੁਕਮਰਾਨ ਡੀ ਐੱਮ ਕੇ ਅਤੇ ਰਾਜ ਭਵਨ ਵਿਚਾਲੇ ਰੱਫੜ ਨਵੀਂ ਨਿਵਾਣ ਛੂਹ ਗਿਆ, ਜਦੋਂ ਸੋਮਵਾਰ ਰਾਜਪਾਲ ਆਰ ਐੱਨ ਰਵੀ ਨੇ ਅਸੰਬਲੀ ਵਿਚ ਸਰਕਾਰ ਵੱਲੋਂ ਤਿਆਰ ਭਾਸ਼ਣ ਦੇ ਕੁਝ ਹਿੱਸੇ ਛੱਡ ਦਿੱਤੇ ਅਤੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਮਤਾ ਪੇਸ਼ ਕਰ ਦਿੱਤਾ ਕਿ ਰਾਜਪਾਲ ਨੇ ਸਰਕਾਰ ਦੇ ਭਾਸ਼ਣ ਤੋਂ ਬਾਹਰ ਜਾ ਕੇ ਜਿਹੜੀਆਂ ਗੱਲਾਂ ਕੀਤੀਆਂ, ਉਹ ਸਦਨ ਦੀ ਕਾਰਵਾਈ ਵਿੱਚੋਂ ਕੱਢ ਦਿੱਤੀਆਂ ਜਾਣ।

ਰਵੀ ਦੇ ਭਾਸ਼ਣ ਤੋਂ ਬਾਅਦ ਸਟਾਲਿਨ ਨੇ ਅਫਸੋਸ ਪ੍ਰਗਟਾਇਆ ਕਿ ਰਾਜਪਾਲ ਨੇ ਕੁਝ ਹਿੱਸੇ ਛੱਡ ਦਿੱਤੇ। ਉਨ੍ਹਾ ਵੱਲੋਂ ਪੇਸ਼ ਮਤਾ ਪਾਸ ਕਰ ਦਿੱਤੇ ਜਾਣ ਤੋਂ ਬਾਅਦ ਰਾਜਪਾਲ ਸਦਨ ਵਿੱਚੋਂ ਨਿਕਲ ਗਏ। ਅਸੰਬਲੀ ਦੇ ਇਤਿਹਾਸ ਵਿਚ ਇੰਜ ਸ਼ਾਇਦ ਪਹਿਲੀ ਵਾਰ ਹੋਇਆ। ਰਾਜਪਾਲ ਨੇ 'ਦ੍ਰਾਵਿੜੀਅਨ ਮਾਡਲ' ਸ਼ਬਦ ਨਹੀਂ ਬੋਲੇ ਅਤੇ ਕੁਝ ਮਾਮਲਿਆਂ 'ਤੇ ਆਪਣੀਆਂ ਗੱਲਾਂ ਕਹੀਆਂ।

ਰਵੀ ਨੇ ਸਾਲ ਦੇ ਪਹਿਲੇ ਅਜਲਾਸ ਦੀ ਸ਼ੁਰੂਆਤ

ਹੁਕਮਰਾਨ ਡੀ ਐੱਮ ਕੇ ਦੀਆਂ ਸਹਿਯੋਗੀ ਪਾਰਟੀਆਂ ਕਾਂਗਰਸ, ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਵਿਧਾਇਕਾਂ ਵੱਲੋਂ ਉਨ੍ਹਾ ਖਿਲਾਫ ਨਾਅਰੇਬਾਜ਼ੀ ਦਰਮਿਆਨ ਕੀਤੀ। ਭਾਜਪਾ ਵਿਧਾਇਕ ਵਨੰਤੀ ਸ੍ਰੀਨਿਵਾਸਨ ਨੇ ਦੋਸ਼ ਲਾਇਆ ਕਿ ਸਰਕਾਰ ਨੇ ਭਾਸ਼ਣ ਦੀ ਤਿਆਰੀ ਵਿਚ ਰਾਜ ਭਵਨ ਦੀ ਸਹਿਮਤੀ ਨਹੀਂ ਲਈ। ਉਨ੍ਹਾ ਰਵੀ ਦੀ ਹਮਾਇਤ ਕਰਦਿਆਂ ਡੀ ਐੱਮ ਕੇ ਹਕੂਮਤ 'ਤੇ ਹਮਲਾ ਕੀਤਾ।

## ਯੂ ਸੀ ਸੀ ਬਾਰ

10-JAN-PAGE-1.qxd 1/9/2023 10:35 PM Page 2

ਬਾਬਾ ਬਰਫ਼ਾਨੀ ਸੇਵਾ ਮੰਡਲ ਵੱਲੋਂ ਹਰ ਸਾਲ ਠੰਢ ਦੇ ਮੌਸਮ ਵਿੱਚ ਹਰ ਐਤਵਾਰ ਪ੍ਰਧਾਨ ਪ੍ਰਵੀਨ ਗੋਇਲ ਦੀ ਅਗਵਾਈ ਵਿੱਚ ਚਾਹ, ਰਸ, ਸੈਂਡਵਿਚ ਤੇ ਹੋਰ ਚੀਜ਼ਾਂ ਦਾ ਰਾਹਗੀਰਾਂ ਵਾਸਤੇ ਲਗਾਏ ਲੰਗਰ ਮੌਕੇ ਕਲੱਬ ਮੈਂਬਰ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)

ਸਵਰਗੀ ਸ੍ਰੀ ਰਿਖੀ ਰਾਮ ਜੀ ਤਕਿਆਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਤਕਿਆਰ ਪਰਿਵਾਰ ਵੱਲੋਂ ਭਗਵਾਨ ਸ੍ਰੀ ਪਰਸੂਰਾਮ ਚੌਕ ਵਿਖੇ ਲਗਾਏ ਗਏ ਲੰਗਰ ਦਾ ਦ੍ਰਿਸ਼। (ਫੋਟੋ ਤੇ ਵੇਰਵਾ : ਪ੍ਰਮੋਦ ਭਾਰਦਵਾਜ, ਫਤਿਹਗੜ੍ਹ ਸਾਹਿਬ)

## ਮਨਬੀਰ ਸਿੰਘ ਨੇ ਰਾਸ਼ਟਰੀ ਪ੍ਰਸ਼ਨੋਤਰੀ ਮੁਕਾਬਲੇ 'ਚ ਲਿਆ ਭਾਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਸਿਹਤ ਵਿਭਾਗ ਸ੍ਰੀ ਮੁਕਤਸਰ ਸਾਹਿਬ ਅਧੀਨ ਸੀ.ਐੱਚ.ਸੀ ਚੱਕ ਸ਼ੇਰੇ ਵਾਲਾ ਵਿਖੇ ਨਿਯੁਕਤ ਬੀ.ਈ.ਈ. ਮਨਬੀਰ ਸਿੰਘ ਨੇ "ਨਸ਼ਾ ਮੁਕਤ ਭਾਰਤ ਅਭਿਆਨ" ਵਿਸ਼ੇ ਉਪਰ ਸਮਾਜਿਕ ਨਿਆਂ ਤੇ ਸ਼ਸਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਆਨਲਾਈਨ ਕਰਵਾਏ ਪ੍ਰਸ਼ੋਨਤਰੀ ਮੁਕਾਬਲੇ 'ਚ ਭਾਗ ਲਿਆ। ਇਸ ਰਾਸ਼ਟਰੀ ਪੱਧਰ ਦੇ ਪ੍ਰਸ਼ਨੋਤਰੀ ਮੁਕਾਬਲੇ 'ਚ ਭਾਗ ਲੈਣ 'ਤੇ ਉਨ੍ਹਾਂ ਨੂੰ ਮੰਤਰਾਲੇ ਦੇ ਸਹਿ ਸਕੱਤਰ ਰਾਧਿਕਾ ਚਕਰਵਰਤੀ ਪਾਸੋਂ ਪ੍ਰਮਾਣ-ਪੱਤਰ ਵੀ ਜਾਰੀ ਕੀਤਾ। ਉਨ੍ਹਾਂ ਭਾਰਤ ਸਰਕਾਰ ਦੇ ਇਸ ਉਪਰਾਲੇ ਨੂੰ ਲਾਹੇਵੰਦ ਤੇ ਸ਼ਲਾਘਾਯੋਗ ਉਪਰਾਲਾ ਦੱਸਿਆ। ਉਨ੍ਹਾ ਕਿਹਾ ਕੇ ਅਜਿਹੀਆਂ ਸਰਗਰਮੀਆਂ ਨਾਲ ਹੀ ਨੌਜਵਾਨ ਪੀੜ੍ਹੀ, ਔਰਤਾਂ, ਵਿੱਦਿਅਕ ਸੰਸਥਾਵਾਂ, ਕਮਿਊਨਿਟੀ ਖੇਤਰਾਂ ਤੇ ਸੋਸ਼ਲ ਮੀਡੀਆ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੁਕਸਾਨ, ਨਸ਼ਾ ਪੀੜਤਾਂ ਦੀ ਕੌਂਸਲਿੰਗ ਇਲਾਜ ਤੇ ਮੁੜ ਵਸੇਬਾ ਸੇਵਾਵਾਂ ਸਬੰਧੀ ਵਿਚਾਰ-ਵਟਾਂਦਰਾਂ ਹੋਣਾ ਸ਼ੁਰੂ ਹੋ ਗਿਆ ਹੈ। ਇਸ ਨਾਲ ਹੀ ਲੋਕ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਵਧੇਰੇ ਜਾਗਰੂਕ ਹੋ ਰਹੇ ਹਨ ਤੇ ਨਸ਼ਿਆਂ ਦੇ ਕਲੰਕ ਨੂੰ ਦੂਰ ਕਰਨ ਲਈ ਸਰਕਾਰਾਂ ਦਾ ਸਹਿਯੋਗ ਦੇਣ ਤੇ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨ 'ਚ ਆਪਣਾ ਯੋਗਦਾਨ ਪਾਉਣ ਲਈ ਅੱਗੇ ਆ ਰਹੇ ਹਨ।

# 'ਆਪ' ਸਰਕਾਰ ਦੇ ਫੈਸਲੇ ਪ੍ਰਸ਼ਾਸਨਿਕ ਪਤਨ ਦਾ ਕਾਰਨ ਬਣ ਰਹੇ ਹਨ : ਸੁਖਬੀਰ ਬਾਦਲ

**ਮਲੋਟ (ਗੁਰਮੀਤ ਸਿੰਘ ਮੱਕੜ)**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਆਪਣੇ ਬੇਹੂਦਾ ਫ਼ੈਸਲਿਆਂ ਨਾਲ ਪੰਜਾਬ ਵਿੱਚ ਹਫੜਾ-ਦਫੜੀ ਦਾ ਮਾਹੌਲ ਪੈਦਾ ਕਰ ਰਹੀ ਹੈ, ਜਿਸ ਕਾਰਨ ਪ੍ਰਸ਼ਾਸ਼ਨ ਦਾ ਪਤਨ ਹੋ ਰਿਹਾ ਹੈ। ਮਾਘੀ ਮੇਲੇ ਦੀ ਤਿਆਰੀ ਸਬੰਧੀ ਮੀਟਿੰਗ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਪੀ.ਐਸ ਅਫ਼ਸਰਾਂ ਨੂੰ ਸਮੂਹਿਕ ਛੁੱਟੀ ਲੈਣ ਲਈ ਮਜਬੂਰ ਕਰਨ ਵਾਸਤੇ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨਾਲ ਨਜਿੱਠਣਾ ਸਭ ਤੋਂ ਵੱਧ ਜ਼ਰੂਰੀ ਹੈ, ਪ੍ਰੰਤੂ ਅਜਿਹਾ ਕਰਦਿਆਂ ਨਿਯਮਾਂ 'ਤੇ ਪ੍ਰਕਿਰਿਆਵਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਸਰਕਾਰ ਨੇ ਪ੍ਰਸ਼ਾਸਨਿਕ ਨਿਯਮਾਂ ਮੁਤਾਬਕ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਲਏ ਬਗੈਰ ਹੀ ਅਫ਼ਸਰਾਂ ਖਿਲਾਫ਼ ਕਾਰਵਾਈ ਕੀਤੀ ਹੈ ਅਜਿਹਾ ਨਹੀਂ ਹੋਣਾ ਚਾਹੀਦਾ।

ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਨ੍ਹਾਂ ਮਾੜੇ ਹਾਲਾਤਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੇ ਪੰਜਾਬ ਵਿੱਚ ਦਾਖਲ ਹੋਣ ਬਾਰੇ ਸਵਾਲ ਦੇ ਜਵਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੂੰ ਖੁਸ਼ ਕਰਨ ਵਾਸਤੇ ਇਕ ਦੂਜੇ ਦੇ ਉੱਪਰ ਡਿੱਗ ਰਹੇ ਹਨ। ਉਨ੍ਹਾਂ ਕਿਹਾ ਕਿ ਬਜਾਏ ਅਜਿਹੀ ਸਸਤੀ ਸ਼ੋਹਰਤ ਵਿਚ ਲੱਗਣ ਦੇ ਉਨ੍ਹਾਂ ਨੂੰ ਪੰਜਾਬੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਰਾਹੁਲ ਗਾਂਧੀ ਤੋਂ ਕਦੇ ਵੀ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੇ 1984 ਦੇ ਸਿੱਖ ਕਤਲੇਆਮ ਵਿਚ ਉਨ੍ਹਾਂ ਦੇ ਪਰਵਾਰ ਦੀ ਭੂਮਿਕਾ ਬਾਰੇ ਸਵਾਲ ਕਿਉਂ ਨਹੀਂ ਪੁੱਛੇ।

ਬਾਦਲ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਪੰਜਾਬ ਵਿਚ ਆਪਣੇ ਮਾਰਚ ਦੌਰਾਨ ਐਸ.ਵਾਈ.ਐਲ ਬਾਰੇ ਵੀ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਬਾਦਲ ਨੇ ਕਿਹਾ ਕਿ ਹਰਿਆਣਾ ਦੀ ਖੱਟਰ ਸਰਕਾਰ ਤੇ ਰਾਜਸਥਾਨ ਦੀ ਗਹਿਲੋਤ ਸਰਕਾਰ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਵਾਸਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਹਰਿਆਣਾ ਦੀ ਮੌਜੂਦਾ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਵਲੋਂ ਵੱਖਰੀ ਕਮੇਟੀ ਬਣਾਉਣ ਦੇ ਫੈਸਲੇ ਨੂੰ ਲਾਗੂ ਕੀਤਾ ਹੈ, ਉੱਥੇ ਹੀ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਸੂਬੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੇ ਰਾਹ ਪਏ ਹੋਏ ਹਨ।

# ਦੋ ਧਿਰਾਂ 'ਚ ਲੜਾਈ ਦੌਰਾਨ ਚੱਲੇ ਇੱਟਾਂ-ਰੋੜੇ

**ਜਗਰਾਉਂ (ਅਮਿਤ ਖੰਨਾ)**

ਜਗਰਾਓਂ ਦੇ ਅਗਵਾੜ ਡਾਲਾ 'ਚ ਦੋ ਧਿਰਾਂ ਦੀ ਹੋਈ ਲੜਾਈ ਭਿਆਨਕ ਰੂਪ ਲੈ ਗਈ। ਦੋਵਾਂ ਪਾਸਿਓਂ ਇੱਕ ਦੂਜੇ 'ਤੇ ਇੱਟਾਂ ਰੋੜੇ ਚਲਾਏ ਗਏ, ਜਿਸ ਦੇ ਚੱਲਦਿਆਂ 3 ਜਣੇ ਜ਼ਖ਼ਮੀ ਹੋ ਗਏ। ਜ਼ਖ਼ਮੀ ਹੋਈ ਧਿਰ ਨੇ ਪੁਲਸ 'ਤੇ ਵੀ ਦੇਰੀ ਨਾਲ ਪਹੁੰਚਣ ਦੇ ਦੋਸ਼ ਲਗਾਏ। ਪ੍ਰਾਪਤ ਜਾਣਕਾਰੀ ਅਨੁਸਾਰ ਅਗਵਾੜ ਡਾਲਾ 'ਚ ਦੋ ਧਿਰਾਂ ਕਿਸੇ ਗੱਲ ਨੂੰ ਲੈ ਕੇ ਆਹਮੋ-ਸਾਹਮਣੇ ਹੋ ਗਈਆਂ। ਇਸ ਦੌਰਾਨ ਗਲੀ 'ਚ ਹੀ ਪਈਆਂ ਇੱਟਾਂ ਰੋੜਿਆਂ ਦਾ ਢੇਰ ਦੇਖਦਿਆਂ ਉਕਤ ਧਿਰਾਂ ਨੇ ਇਕ ਦੂਸਰੇ 'ਤੇ ਮਾਰਨਾ ਸ਼ੁਰੂ ਕਰ ਦਿੱਤਾ। ਇਸ ਘਟਨਾ 'ਚ ਜ਼ਖ਼ਮੀ ਹੋਈ ਕਮਲਜੀਤ ਕੌਰ ਨੇ ਦੱਸਿਆ ਕਿ ਦੋ ਦਰਜਨ ਦੇ ਕਰੀਬ ਨੌਜਵਾਨਾਂ ਨੇ ਉਨ੍ਹਾਂ ਦੇ ਘਰ ਇੱਟਾਂ ਰੋੜੇ ਮਾਰੇ। ਉਨ੍ਹਾ ਦੋਸ਼ ਲਗਾਇਆ ਕਿ ਕਈ ਨੌਜਵਾਨ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ ਦੇ ਘਰ ਵੜ ਗਏ, ਜਿੱਥੇ ਘਰ ਵਿੱਚ ਵੀ ਭੰਨ-ਤੋੜ ਕੀਤੀ ਗਈ। ਇਸ ਹਾਦਸੇ ਵਿੱਚ ਉਸ ਦੀ ਬੇਟੀ ਰਮਨਪ੍ਰੀਤ ਤੇ ਰੇਖਾ ਵੀ ਜ਼ਖ਼ਮੀ ਹੋ ਗਈਆਂ। ਇਸ ਸਬੰਧੀ ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਇੰਦਰਜੀਤ ਸਿੰਘ ਦਾ ਕਹਿਣਾ ਹੈ ਕਿ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੂਜੇ ਪਾਸੇ ਅਗਵਾੜ ਡਾਲਾ 'ਚ ਇਸ ਝਗੜੇ ਦੀ ਸੀਸੀਟੀਵੀ ਫੁਟੇਜ ਵੀ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ।

## ਸਰਕਾਰਾਂ ਨੇ ਵਿਸਾਰਿਆ, ਕਲੋਨੀ ਵਾਸੀਆਂ ਨੇ ਸੰਭਾਲਿਆ ਪਾਰਕ

**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰਾਂ ਵੱਲੋਂ 2018 ਤੋਂ ਵਿਸਾਰੇ ਪਾਰਕ ਨੂੰ ਸੰਗਰੂਰ ਦੀਆਂ ਕਲੋਨੀਆਂ ਦੇ ਵਾਸੀਆਂ ਵੱਲੋਂ ਹਰਾ ਭਰਾ ਰੱਖ ਕੇ ਤੇ ਉਸ ਵਿੱਚ ਹੋਰ ਸਹੂਲਤਾਂ ਪੈਦਾ ਕਰਕੇ ਆਪਣੀ ਭਾਈਚਾਰਕ ਸਾਂਝ ਤੇ ਵਾਤਾਵਰਣ ਸਬੰਧੀ ਪਿਆਰ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ। ਸਾਲ 2018 ਵਿੱਚ ਵਿਭਾਗ ਵੱਲੋਂ ਸੰਗਰੂਰ ਲੁਧਿਆਣਾ ਪੂਨੀਆ ਕਲੋਨੀ ਦੇ ਨਿਵਾਸੀਆਂ ਦੇ ਯਤਨਾਂ ਸਦਕਾ ਸਟੇਟ ਹਾਈਵੇ 11 ਸੰਗਰੂਰ ਵਿੱਚ ਰੇਲਵੇ ਲਾਈਨ 'ਤੇ ਬਣੇ ਓਵਰ ਬਰਿੱਜ ਨੀਚੇ ਪਾਰਕ ਬਣਾਇਆ ਗਿਆ, ਜਿਸ ਦੀ ਸਾਂਭ ਸੰਭਾਲ ਤਿੰਨ ਸਾਲ ਬਾਗਬਾਨੀ ਵਿਭਾਗ ਵੱਲੋਂ ਕਰਨ ਉਪਰੰਤ ਛੱਡ ਦੇਣ ਕਾਰਨ ਇਸ ਪਾਰਕ ਵਿੱਚ ਲੱਖਾਂ ਰੁਪਏ ਦੀ ਲਾਗਤ ਨਾਲ ਲੱਗੇ ਬੂਟੇ ਸੁੱਕਣ ਲੱਗ ਪਏ। ਇਥੋਂ ਤੱਕ ਕਿ ਬਿਜਲੀ ਦਾ ਕੁਨੈਕਸ਼ਨ ਵੀ ਕੱਟ ਦਿੱਤਾ। ਸਤੰਬਰ 2021 ਉਸ ਸਮੇਂ ਪੂਨੀਆ ਕਲੌਨੀ ਦੇ ਸੂਝਵਾਨ ਵਸਨੀਕਾਂ ਨੇ ਇਕੱਠੇ ਹੋ ਕੇ ਮੀਟਿੰਗ ਕਰਕੇ ਇਸ ਪਾਰਕ ਨੂੰ ਸੰਭਾਲਣ ਦਾ ਜ਼ਿੰਮਾ ਲਿਆ। ਤੁਰੰਤ ਕਮੇਟੀ ਬਣਾ ਕੇ ਸਭ ਤੋਂ ਇਕੱਤਰ ਮੈਂਬਰਾਂ ਨੇ ਰੁਪਏ ਇਕੱਠੇ ਕਰਕੇ ਬਿਜਲੀ ਕੁਨੈਕਸ਼ਨ ਲੈ ਕੇ ਪਾਰਕ ਨੂੰ ਪਾਣੀ ਲਗਵਾਉਣ, ਆਰਜ਼ੀ ਤੌਰ 'ਤੇ ਮਾਲੀਆਂ ਦਾ ਪ੍ਰਬੰਧ ਕੀਤਾ ਗਿਆ।

# ਬਾਬਾ ਸ਼ਨੀ ਦੇਵ ਸੇਵਾ ਸੁਸਾਇਟੀ ਨੇ ਲਵਾਰਿਸ਼ ਲਾਸ਼ ਦਾ ਕੀਤਾ ਸਸਕਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਬੀਤੇ ਦਿਨੀਂ ਪਿੰਡ ਰੁਪਾਣਾ ਸੇਤੀਆ ਪੇਪਰ ਮਿੱਲ ਦੇ ਸਾਹਮਣੇ ਬਰਕੰਦੀ ਰੋਡ ਦੇ ਪਾਸੇ ਇੱਕ ਅਣਪਛਾਤੀ ਵਿਅਕਤੀ ਦੀ ਲਾਸ਼ ਦੇਖੀ ਗਈ, ਜਿਸ ਦੀ ਲਾਸ਼ ਸਥਾਨਕ ਲੋਕਾਂ ਨੇ ਦੇਖੀ ਤਾਂ ਇਸਦੀ ਸੂਚਨਾ ਚੌਕੀ ਪੁਲਸ ਰੁਪਾਣਾ ਨੂੰ ਦਿੱਤੀ, ਪੁਲਿਸ ਮੌਕੇ 'ਤੇ ਪਹੁੰਚ ਗਈ ਤੇ ਪ੍ਰਵਾਸੀ ਵਿਅਕਤੀ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੜਤਾਲ ਸ਼ੁਰੂ ਕਰ ਦਿੱਤੀ, ਜਿਸ ਦੀ ਉਮਰ ਕਰੀਬ 50-55 ਸਾਲ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਉਸ ਦੇ ਵਾਰਿਸਾਂ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਪ੍ਰਵਾਸੀ ਵਿਅਕਤੀ ਦੀ ਲਾਸ਼ ਨੂੰ ਸ਼ਨਾਖਤ ਲਈ ਸਰਕਾਰੀ ਹਸਪਤਾਲ ਵਿੱਚ ਰਖਵਾ ਦਿੱਤਾ, ਪਰ 72 ਘੰਟੇ ਬੀਤਣ ਦੇ ਬਾਅਦ ਵੀ ਪ੍ਰਵਾਸੀ ਵਿਅਕਤੀ ਦੀ ਸ਼ਨਾਖਤ ਨਹੀਂ ਹੋ ਸਕੀ ਤੇ ਬਾਅਦ ਵਿੱਚ 72 ਘੰਟੇ ਪ੍ਰਵਾਸੀ ਵਿਅਕਤੀ ਦੀ ਲਾਸ਼ ਦਾ ਪੋਸਟਮਾਰਟਮ ਪੁਲਿਸ ਨੇ ਲਾਸ਼ ਨੂੰ ਬਾਬਾ ਸ਼ਨੀ ਦੇਵ ਸੇਵਾ ਸੁਸਾਇਟੀ ਸ੍ਰੀ ਮੁਕਤਸਰ ਸਾਹਿਬ ਨੂੰ ਸੌਂਪ ਦਿੱਤਾ ਅਤੇ ਸੁਸਾਇਟੀ ਦੇ ਮੈਂਬਰਾਂ ਨੇ ਲਾਸ਼ ਦਾ ਅੰਤਿਮ ਸੰਸਕਾਰ ਰੁਪਾਣਾ ਪੁਲਸ ਪਾਰਟੀ ਦੀ ਹਾਜ਼ਰੀ ਵਿੱਚ ਬਠਿੰਡਾ ਰੋਡ ਦੇ ਸ਼ਮਸ਼ਾਨਘਾਟ ਵਿੱਚ ਕਰਵਾ ਦਿੱਤਾ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਦਵਿੰਦਰ ਸਿੰਘ ਗਾਂਧੀ, ਪੱਪੂ ਬਰਾੜ, ਬਲਦੇਵ ਕਾਉਣੀ, ਰਾਜੂ ਅਰੋੜਾ, ਪ੍ਰਦੀਪ ਮਿੱਤਲ, ਰਾਹੁਲ ਸੇਤੀਆ, ਹੈਰੀ ਭੰਡਾਰੀ, ਲਵਪ੍ਰੀਤ ਸੇਠੀ, ਰੇਸ਼ਮ ਸਿੰਘ, ਦੀਪਕ ਗਿਰਧਰ, ਕੁਲਵੰਤ ਸਿੰਘ ਪਾਂਧੀ ਤੋਂ ਇਲਾਵਾ ਚੌਂਕੀ ਰੁਪਾਣਾ ਪੁਲਿਸ ਦੇ ਏਐਸਆਈ ਧਰਮਪਾਲ ਸਿੰਘ, ਰਮੇਸ਼ ਕੁਮਾਰ ਆਦਿ ਹਾਜ਼ਰ ਸਨ।

## ਤਿਲੋਕੇਵਾਲਾ ਤੋਂ ਚੱਲੇਗੀ ਨਸ਼ਾ ਮੁਕਤੀ ਮੁਹਿੰਮ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਸ਼ਾ ਮੁਕਤ ਸਮਾਜ ਸਿਰਜਣ ਲਈ ਹਰ ਨੌਜਵਾਨ ਨੂੰ ਆਪਣਾ ਯੋਗਦਾਨ ਪਾਉਣਾ ਹੋਵੇਗਾ। ਇਹ ਕਹਿਣਾ ਹੈ ਐਚ ਐਸ ਜੀ ਪੀ ਸੀ ਦੇ ਉਪ ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਦਾ।

ਉਨ੍ਹਾਂ ਕਿਹਾ ਕਿ ਸਿਰਸਾ ਨੂੰ ਨਸ਼ਾ ਮੁਕਤ ਬਣਾਉਣ ਲਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ 17 ਜਨਵਰੀ ਨੂੰ ਸੰਤ ਬਾਬਾ ਨਿਰਮਲ ਸਿੰਘ ਜੀ ਦੀ ਬਰਸੀ ਉਪਰੰਤ ਗੁਰ ਉਪਦੇਸ਼ਾਂ 'ਤੇ ਚੱਲਦੇ ਹੋਏ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਬਾਬਾ ਤਿਲੋਕੇਵਾਲਾ ਨੇ ਸਮੂਹ ਧਾਰਮਿਕ ਸੰਸਥਾਵਾਂ ਨੂੰ ਸੱਦਾ ਦਿੱਤਾ ਕਿ ਉਹ ਆਪੋ-ਆਪਣੇ ਅਦਾਰਿਆਂ ਤੋਂ ਨਾਗਰਿਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣ। ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤ ਸਿਰਸਾ ਮੁਹਿੰਮ ਤਹਿਤ ਪਿੰਡ ਤਿਲੋਕੇਵਾਲਾ ਵਿੱਚ ਵੀ ਸਰਵੇਖਣ ਕੀਤਾ ਜਾ ਰਿਹਾ ਹੈ। ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਨਸ਼ਾ ਇੱਕ ਮਿੱਠਾ ਜ਼ਹਿਰ ਹੈ, ਜੋ ਇੱਕ ਵਿਅਕਤੀ ਦੇ ਨਾਲ-ਨਾਲ ਉਸ ਦੇ ਪੂਰੇ ਪਰਵਾਰ ਲਈ ਮੁਸੀਬਤ ਬਣ ਜਾਂਦਾ ਹੈ।ਸ਼ੁਰੂ-ਸ਼ੁਰੂ ਵਿੱਚ ਇਸ ਬੁਰਾਈ ਨੂੰ ਨੌਜਵਾਨ ਸ਼ੌਕ ਵਜੋਂ ਲੈਂਦੇ ਹਨ, ਜੋ ਬਾਅਦ ਵਿੱਚ ਇਸ ਤੋਂ ਬਚਣਾ ਮੁਸ਼ਕਲ ਹੋ ਜਾਂਦਾ ਹੈ।ਇਸ ਲਈ ਨੌਜਵਾਨਾਂ ਨੂੰ ਇਸ ਬੁਰਾਈ ਤੋਂ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਆਪਣੇ ਧਰਮ ਅਤੇ ਵਿਰਸੇ ਬਾਰੇ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ, ਇਸ ਲਈ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਆਪਣੇ ਧਰਮ ਤੇ ਵਿਰਸੇ ਤੋਂ ਜਾਣੂ ਕਰਾਉਣਾ ਚਾਹੀਦਾ ਹੈ।

## ਸਾਬਕਾ ਵਿਧਾਇਕ ਰਜਿੰਦਰ ਸਿੰਘ ਵੱਲੋਂ ਭਾਰਤ ਜੋੜੋ ਯਾਤਰਾ ਸੰਬੰਧੀ ਮੀਟਿੰਗਾਂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤ ਜੋੜੋ ਯਾਤਰਾ 10 ਜਨਵਰੀ ਨੂੰ ਪੰਜਾਬ ਵਿੱਚ ਦਾਖਲ ਹੋ ਰਹੀ ਹੈ, ਜਿਸ ਦਾ ਸਵਾਗਤ ਕਰਨ ਤੇ ਸ਼ਾਮਲ ਹੋਣ ਲਈ ਕਾਂਗਰਸ ਆਗੂਆਂ ਵੱਲੋਂ ਵੱਖ ਜਗ੍ਹਾ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਵੱਲੋਂ ਵੀ ਵੱਖ-ਵੱਖ ਜਗ੍ਹਾ ਮੀਟਿੰਗਾਂ ਦਾ ਦੌਰ ਜਾਰੀ ਹੈ, ਇਸੇ ਤਹਿਤ ਉਨ੍ਹਾਂ ਵੱਲੋਂ ਪਿੰਡ-ਪਿੰਡ ਪਹੁੰਚ ਕੇ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਿਹਾ। ਇਨ੍ਹਾਂ ਮੀਟਿੰਗਾਂ ਦੌਰਾਨ ਉਨ੍ਹਾਂ ਨੇ ਭਾਜਪਾ ਸਰਕਾਰ 'ਤੇ ਤਿੱਖੇ ਹਮਲੇ ਕਰਦੇ ਹੋਏ ਕਿਹਾ ਕਿ ਭਾਜਪਾ ਨਫ਼ਰਤ ਦੀ ਰਾਜਨ

10-Jan-PAGE-3.qxd 1/9/2023 10:43 PM Page 1



# ਦੋ ਧਿਰਾਂ ਦਰਮਿਆਨ ਮਾਮੂਲੀ ਤਕਰਾਰ ਦੌਰਾਨ ਔਰਤ ਦੀ ਮੌਤ

**ਮਜੀਠਾ (ਸੋਇਮ ਆਨੰਦ)**

ਥਾਣਾ ਮਜੀਠਾ ਅਧੀਨ ਆਉਂਦੇ ਪਿੰਡ ਤਰਗੜ੍ਹ ਰਾਮਪੁਰਾ ਵਿਖੇ ਦੋ ਧਿਰਾਂ ਦਰਮਿਆਨ ਹੋਏ ਮਾਮੂਲੀ ਤਕਰਾਰ ਦੌਰਾਨ ਇੱਕ ਔਰਤ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ ਜਿਸ ਸਬੰਧੀ ਮ੍ਰਿਤਕਾ ਦੇ ਪਤੀ ਸਾਬਕਾ ਸਰਪੰਚ ਸੁਰਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਤਰਗੜ੍ਹ ਰਾਮਪੁਰਾ ਵੱਲੋਂ ਥਾਣਾ ਮਜੀਠਾ ਵਿਖੇ ਬਿਆਨ ਦਿੱਤਾ ਕਿ ਮੈਂ ਆਪਣੇ ਘਰ 'ਚ ਮੌਜੂਦ ਸੀ ਕਿ ਅਚਾਨਕ ਬਾਹਰ ਗਲੀ 'ਚ ਰੌਲਾ ਸੁਣਿਆ ਤਾਂ ਮੈਂ ਤੇ ਮੇਰੀ ਪਤਨੀ ਤਸਵੀਰ ਕੌਰ ਗਲੀ 'ਚ ਆਏ। ਦੇਖਿਆ ਕਿ ਮੇਰਾ ਭਰਾ ਜਗੀਰ ਸਿੰਘ ਰੇਹੜਾ ਲੈ ਕੇ ਗਲੀ ਵਿੱਚ ਆ ਰਿਹਾ ਸੀ। ਦੂਸਰੇ ਪਾਸੇ ਤੋਂ ਬਿਕਰਮਜੀਤ ਸਿੰਘ ਪੁੱਤਰ ਜਸਵੰਤ ਸਿੰਘ ਅਤੇ ਸੰਦੀਪ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਤਰਗੜ੍ਹ ਰਾਮਪੁਰਾ ਟਰੈਕਟਰ ਲੈ ਕੇ ਆ ਰਹੇ ਸਨ ਜੋ ਗਲੀ ਵਿੱਚ ਲਾਗੋਂ ਲੰਘ ਰਹੇ ਉੱਚੀ-ਉੱਚੀ ਰੌਲਾ ਪਾ ਰਹੇ ਸਨ। ਅਸੀਂ ਦੋਹਾਂ ਧਿਰਾਂ ਨੂੰ ਅਜਿਹਾ ਕਰਨ ਤੋਂ ਰੋਕਿਆ। ਅਸੀਂ ਦੇਖਿਆ ਕਿ ਮਨਜੀਤ ਸਿੰਘ ਪੁੱਤਰ ਪੂਰਨ ਸਿੰਘ ਦੇ ਹੱਥ 'ਚ ਗੰਡਾਸੀ ਸੀ। ਕਰਨੈਲ ਸਿੰਘ, ਜਰਨੈਲ ਸਿੰਘ, ਜਸਵੰਤ ਸਿੰਘ ਤਿੰਨੇ ਪੁੱਤਰ ਪੂਰਨ ਸਿੰਘ, ਨਿਰਮਲ ਸਿੰਘ ਪੁੱਤਰ ਜਸਵੰਤ ਸਿੰਘ, ਸਾਰੇ ਵਾਸੀ ਤਰਗੜ੍ਹ ਰਾਮਪੁਰਾ ਆਪਣੇ ਘਰੋਂ ਤੇਜ਼ਧਾਰ ਹਥਿਆਰ ਤੇ ਦਸਤੇ ਡਾਂਗਾਂ ਵਗੈਰਾ ਲੈ ਕੇ ਨਿਕਲੇ ਤਾਂ ਜਰਨੈਲ ਸਿੰਘ ਅਤੇ ਕਰਨੈਲ ਸਿੰਘ ਨੇ ਆਉਂਦਿਆਂ ਹੀ ਮੇਰੇ ਉਪਰ ਵਾਰ ਕੀਤਾ। ਮੇਰੀ ਪਤਨੀ ਤਸਵੀਰ ਕੌਰ ਮੈਨੂੰ ਬਚਾਉਣ ਲਈ ਅੱਗੇ ਆਈ ਤਾਂ ਮਨਜੀਤ ਸਿੰਘ ਨੇ ਮੇਰੀ ਪਤਨੀ ਨੂੰ ਗੰਡਾਸੀ ਮਾਰ ਦਿੱਤੀ ਜਿਹੜੀ ਉਸ ਦੀ ਸੱਜੀ ਬਾਂਹ 'ਤੇ ਵੱਜੀ ਤੇ ਰੌਲਾ ਪਾਉਣ 'ਤੇ ਘਰੋਂ ਮੇਰਾ ਲੜਕਾ ਗੁਰਭੇਜ ਸਿੰਘ ਅਤੇ ਭਰਾ ਅਵਤਾਰ ਸਿੰਘ ਆਏ ਤਾਂ ਇੰਨੇ ਚਿਰ ਨੂੰ ਮਨਜੀਤ ਸਿੰਘ ਨੇ ਮੇਰੀ ਪਤਨੀ ਤਸਵੀਰ ਕੌਰ ਨੂੰ ਧੱਕਾ ਮਾਰਿਆ ਤਾਂ ਉਹ ਜ਼ਮੀਨ 'ਤੇ ਡਿੱਗ ਪਈ। ਇੰਨੇ ਨੂੰ ਜਸਵੰਤ ਸਿੰਘ, ਨਿਰਮਲ ਸਿੰਘ, ਸੰਦੀਪ ਸਿੰਘ, ਬਿਕਰਮਜੀਤ ਸਿੰਘ ਨੇ ਮੇਰੇ ਭਰਾ ਅਤੇ ਬੇਟੇ 'ਤੇ ਵਾਰ ਕਰਕੇ ਇਨ੍ਹਾਂ ਨੂੰ ਵੀ ਜ਼ਖਮੀ ਕਰ ਦਿੱਤਾ। ਸਾਡੇ ਵੱਲੋਂ ਰੌਲਾ ਪਾਉਣ 'ਤੇ ਉਕਤ ਸਾਰੇ ਵਿਅਕਤੀ ਮੌਕੇ ਤੋਂ ਭੱਜ ਗਏ। ਮੈਂ ਆਪਣੀ ਪਤਨੀ ਤਸਵੀਰ ਕੌਰ ਨੂੰ ਚੁੱਕਣ ਲੱਗਾ ਪਰ ਉਸ ਦੀ ਮੌਤ ਹੋ ਚੁੱਕੀ ਸੀ, ਜਿਸ ਸਬੰਧੀ ਅਸੀਂ ਮਜੀਠਾ ਪੁਲਸ ਨੂੰ ਇਤਲਾਹ ਦਿੱਤੀ। ਥਾਣਾ ਮਜੀਠਾ ਦੇ ਐੱਸਐੱਚਓ ਮਨਮੀਤਪਾਲ ਸਿੰਘ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁਹੰਚ ਕੇ ਮਾਮਲੇ ਨੂੰ ਆਪਣੇ ਹੱਥਾਂ 'ਚ ਲੈਂਦਿਆਂ ਮ੍ਰਿਤਕਾ ਦੀ ਲਾਸ਼ ਕਬਜ਼ੇ 'ਚ ਲੈ ਕੇ ਅਤੇ ਸਬੰਧਤ 3 ਵਿਅਕਤੀ ਬਿਕਰਮਜੀਤ ਸਿੰਘ, ਨਿਰਮਲ ਸਿੰਘ ਅਤੇ ਸੰਦੀਪ ਸਿੰਘ ਨੂੰ ਕਾਬੂ ਕਰਕੇ ਬਾਕੀ ਸੱਤ ਵਿਅਕਤੀਆਂ ਖਿਲਾਫ ਕਤਲ ਅਤੇ ਬਣਦੀਆਂ ਹੋਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਅਤੇ ਬਾਕੀ ਵਿਅਕਤੀਆਂ ਲਈ ਛਾਪੇਮਰੀ ਸ਼ੁਰੂ ਕਰ ਦਿੱਤੀ।

# ਸੰਪਰਦਾਇ ਕਾਰ ਸੇਵਾ ਸਰਹਾਲੀ ਵੱਲੋਂ ਸਮੂਹਿਕ ਅਨੰਦ ਕਾਰਜ

**ਚੋਹਲਾ ਸਾਹਿਬ (ਰਮਨ ਚੱਢਾ)**

ਸੰਪਰਦਾਇ ਕਾਰ ਸੇਵਾ ਦੇ ਬਾਨੀ ਸੱਚਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਸ਼੍ਰੀਮਾਨ ਸੰਤ ਬਾਬਾ ਚਰਨ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਸੰਪਰਦਾਇ ਦੇ ਮੌਜੂਦਾ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਡਿਪਟੀ ਮੁਖੀ ਸੰਤ ਬਾਬਾ ਹਾਕਮ ਸਿੰਘ ਜੀ ਦੀ ਅਗਵਾਈ 'ਚ ਸਮੂਹਿਕ ਸ਼ਾਦੀਆਂ ਅਤੇ ਮਨੁੱਖਤਾ ਦੀ ਭਲਾਈ ਲਈ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 50 ਦੇ ਕਰੀਬ ਨੌਜਵਾਨਾਂ ਵੱਲੋਂ ਖੂਨਦਾਨ ਕੈਂਪ ਵਿਚ ਖੂਨ ਦਾਨ ਕੀਤਾ ਗਿਆ। ਇਸ ਮੌਕੇ ਸ਼੍ਰੀਮਾਨ ਸੰਤ ਬਾਬਾ ਸੁੱਖਾ ਸਿੰਘ ਨੇ ਦੱਸਿਆ ਕਿ ਮਨੁੱਖਤਾ ਦੀ ਭਲਾਈ ਲਈ ਸਭ ਤੋਂ ਵੱਡਾ ਦਾਨ ਖੂਨ ਦਾਨ ਹੈ ਜੋ ਮਹਾਂਪੁਰਖਾਂ ਦੀ ਬਰਸੀ ਮੌਕੇ ਕੈਂਪ ਲਗਾ ਕੇ ਇਕੱਤਰ ਕੀਤਾ ਖੂਨ ਲੋੜਵੰਦ ਮਰੀਜ਼ਾਂ ਤੱਕ ਪਹੁੰਚਾਇਆ ਜਾਂਦਾ ਹੈ ਜਿਸ ਨਾਲ ਕਈ ਕੀਮਤੀ ਜਾਨਾਂ ਬਚ ਜਾਂਦੀਆਂ ਹਨ। ਇਸ ਮੌਕੇ ਪੰਜ ਸੁਭਾਗ ਜੋੜੀਆਂ ਦੇ ਅਨੰਦ ਕਾਰਜ ਪੂਰਨ ਗੁਰ-ਮਰਯਾਦਾ ਅਨੁਸਾਰ ਕਰਵਾਏ ਗਏ ਸਨ ਜਿਨ੍ਹਾਂ ਨੂੰ ਅਸ਼ੀਰਵਾਦ ਦੇਣ ਮੌਕੇ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਮੁਖੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਅਤੇ ਮਹਾਂਪੁਰਖਾਂ ਦੇ ਮਾਤਾ ਰਣਜੀਤ ਕੌਰ ਵੱਲੋਂ ਜੋੜਿਆਂ ਨੂੰ ਆਸ਼ੀਰਵਾਦ ਦਿੱਤੇ ਗਏ। ਅੱਜ ਸੰਤ ਬਾਬਾ ਸੁੱਖਾ ਸਿੰਘ ਅਤੇ ਸੰਤ ਬਾਬਾ ਹਾਕਮ ਸਿੰਘ ਵੱਲੋਂ ਲੜਕੀਆਂ ਦਾ ਦਾਜ ਦਾ ਸਮਾਨ ਜਿਵੇਂ ਬੈੱਡ, ਅਲਮਾਰੀਆਂ, ਟੇਬਲ, ਸੋਫੇ ਸੈੱਟ, ਡਰੈਸਿੰਗ ਟੇਬਲ, ਸਿਲਾਈ ਮਸ਼ੀਨਾਂ, ਵਧੀਆ ਪਹਿਨਣ ਵਾਲੇ ਕੱਪੜੇ, ਕੰਬਲ, ਖੇਸ, ਦਰੀਆਂ, ਰਜਾਈਆਂ, ਗੱਦੇ, ਗਰਮ-ਸਰਦ ਬਿਸਤਰੇ, ਸਰਹਾਣੇ, ਚਾਦਰਾਂ, ਰਸੋਈ ਦੀ ਵਰਤੋਂ ਵਾਲੇ ਭਾਂਡੇ ਆਦਿ ਸਮਾਨ ਦਿੱਤਾ ਗਿਆ ਅਤੇ ਕਿਹਾ ਕਿ ਅੱਗੇ ਤੋਂ ਵੀ ਉਹ ਉਨ੍ਹਾਂ ਦੇ ਸੁੱਖ-ਦੁੱਖ ਵਿੱਚ ਉਨ੍ਹਾਂ ਦਾ ਸਾਥ ਦਿੰਦੇ ਰਹਿਣਗੇ।

# ਔਰਤ ਕੋਲੋਂ ਨਸ਼ੀਲਾ ਪਦਾਰਥ ਬਰਾਮਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਰਤਾਜ ਸਿੰਘ ਚਾਹਲ ਆਈ.ਪੀ.ਐਸ,ਐਸ.ਐਸ.ਪੀ ਹੁਸ਼ਿਆਰਪੁਰ ਵਲੋ ਨਸ਼ਿਆਂ ਦੇ ਖਿਲਾਫ ਵਿੱਢੀ ਮੁਹਿੰਮ ਤਹਿਤ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਸਬ ਡਵੀਜਨ ਗੜ੍ਹਸ਼ੰਕਰ ਦੀ ਹਦਾਇਤ ਅਨੁਸਾਰ ਕਰਨੈਲ ਸਿੰਘ ਇੰਨਸਪੈਕਟਰ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਐਸ.ਆਈ. ਰਮਨਦੀਪ ਕੌਰ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਪੁਲ ਨਹਿਰ ਇਬਰਾਹਿਮਪੁਰ ਗੜ੍ਹਸ਼ੰਕਰ ਤੋ ਨਹਿਰ ਦੇ ਕੱਚੇ ਰਸਤੇ ਤੋਂ ਪੈਦਲ ਆ ਰਹੀ ਇੱਕ ਔਰਤ ਅੰਜਨਾ ਉਰਫ ਅੰਜੂ ਪਤਨੀ ਅਸ਼ਵਨੀ ਵਾਸੀ ਦੇਨੋਵਾਲ ਖੁਰਦ ਥਾਣਾ ਗੜ੍ਹਸ਼ੰਕਰ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈੱਕ ਕਰਨ ਤੇ ਉਸ ਪਾਸੋਂ 110 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਣ ਤੇ ਮੁੱਕਦਮਾ ਥਾਣਾ ਗੜ੍ਹਸ਼ੰਕਰ ਦਰਜ ਕੀਤਾ।

## ਜਨਮ ਦਿਨ ਮੁਬਾਰਕ

ਸਨਵੀ, ਹੁਸ਼ਿਆਰਪੁਰ

ਮਨਕੀਰਤ, ਮਲੋਟ

## ਸ਼ਹਿਨਾਈਆਂ

ਡਾ. ਸਿਮਰਪ੍ਰੀਤ ਕੌਰ ਸਪੁੱਤਰੀ ਜਸਬੀਰ ਸਿੰਘ ਢਿੱਲੋਂ ਵਾਸੀ ਪਿੰਡ ਮੌੜ ਦਾ ਸ਼ੁੱਭ ਵਿਆਹ ਡਾ. ਪਵਨਪ੍ਰੀਤ ਸਿੰਘ ਕਾਹਲੋਂ ਸਪੁੱਤਰ ਪ੍ਰਿੰਸੀਪਲ ਸੁਖਵੰਤ ਸਿੰਘ ਕਾਹਲੋਂ ਵਾਸੀ ਪਿੰਡ ਪਾਤੜਾਂ ਨਾਲ ਹੋਇਆ।

# ਮਿਸਤਰੀ ਮਜਦੂਰ ਯੂਨੀਅਨ ਨੇ ਸਰਕਕਾਰ ਤੇ ਅਨਮੋਲ ਗਗਨ ਮਾਨ ਦੀ ਅਰਥੀ ਫੂਕੀ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**

ਉਸਾਰੀ ਮਿਸਤਰੀ ਮਜਦੂਰ ਯੂਨੀਅਨ (ਇਫਟੂ) ਦੀ ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਉਸਾਰੀ ਮਿਸਤਰੀ ਮਜਦੂਰ ਯੂਨੀਅਨ ਇਫਟੂ ਵੱਲੋਂ ਕਿਰਤ ਵਿਭਾਗ ਦੀ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਤੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸਨ ਕੀਤਾ ਗਿਆ। ਯੂਨੀਅਨ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਤਰਸੇਮ ਜੱਟਪੁਰ , ਹਰਮੇਸ਼ ਨੂਰਪੁਰ ਖੁਰਦ , ਹਰਮਿੰਦਰ ਡੂਮੇਵਾਲ ਨੇ ਕਿਹਾ ਕਿ ਮਿਸਤਰੀਆਂ ਮਜਦੂਰਾਂ ਦੀਆਂ ਹੱਕੀ ਤੇ ਸੰਵਿਧਾਨਿਕ ਮੰਗਾਂ ਸਬੰਧੀ ਅਕਤੂਬਰ ਮਹੀਨੇ ਵਿੱਚ ਕਿਰਤ ਮੰਤਰੀ ਅਨਮੋਲ ਗਗਨ ਮਾਨ ਦੇ ਹਲਕੇ ਖਰੜ ਵਿਖੇ ਸੂਬਾ ਪੱਧਰੀ ਰੈਲੀ ਕੀਤੀ ਗਈ ਸੀ। ਰੈਲੀ ਦੌਰਾਨ ਮੰਤਰੀ ਦੇ ਓ ਐਸ ਡੀ ਤੇ ਪ੍ਰਸ਼ਾਸਨ ਵੱਲੋਂ 21 ਨਵੰਬਰ ਦੀ ਮੰਤਰੀ ਨਾਲ ਪੈਨਲ ਮੀਟਿੰਗ ਦਾ ਲਿਖਤੀ ਭਰੋਸਾ ਦਿੱਤਾ ਗਿਆ ਸੀ। ਪਰ ਯੂਨੀਅਨ ਨੂੰ ਦਿੱਤੇ ਸਮੇਂ ਮੁਤਾਬਕ ਮੰਤਰੀ ਨੇ ਮੀਟਿੰਗ ਨਹੀਂ ਕੀਤੀ ਅਤੇ ਨਾ ਹੀ ਅੱਗੇ ਕੋਈ ਸਮਾਂ ਦਿੱਤਾ ਗਿਆ। ਜਿਸ ਕਾਰਨ ਉਸਾਰੀ ਨਾਲ ਸਬੰਧਤ ਮਿਸਤਰੀਆਂ, ਮਜਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਨ੍ਹਾਂ ਕਿਹਾ ਕਿ ਲੇਬਰ ਵੈਲਫੇਅਰ ਬੋਰਡ ਵਿੱਚ ਮਜਦੂਰਾਂ ਦੇ ਪੈਨਸ਼ਨ, ਮੈਡੀਕਲ ਕਲੇਮ, ਮਜਦੂਰਾਂ ਦੇ ਬੱਚਿਆਂ ਦੇ ਵਜੀਫੇ ਸਮੇਤ ਪਿਛਲੇ ਤਿੰਨ ਸਾਲਾਂ ਤੋਂ ਸਗਨ ਸਕੀਮਾਂ ਦੀਆਂ ਫਾਈਲਾਂ ਦਫਤਰਾਂ ਵਿੱਚ ਧੂੜ ਫੱਕ ਰਹੀਆਂ ਹਨ। ਇਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮਜਦੂਰਾਂ ਦੀਆਂ ਮੰਗਾਂ ਸਬੰਧੀ ਕੈਬਨਿਟ ਮੰਤਰੀ ਨੇ ਪੈਨਲ ਮੀਟਿੰਗ ਕੀਤੀ ਨਾ ਕੀਤੀ। ਖਰੜ ਹਲਕੇ ਵਿੱਚ ਉਨ੍ਹਾਂ ਦੇ ਦਫਤਰ ਅੱਗੇ ਜ਼ਿਲ੍ਹਾ ਪੱਧਰੀ ਅਰਥੀ ਫੂਕ ਮੁਜਾਹਰਾ ਕੀਤਾ ਜਾਵੇਗਾ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਠ ਮਹੀਨੇ ਵਿੱਚ ਹੀ ਭਗਵੰਤ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ। ਭਗਵੰਤ ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਕਾਰਪੋਰੇਟ ਪੱਖੀ ਸਾਬਤ ਹੋਈ ਹੈ। ਇਨ੍ਹਾਂ ਲਤੀਫਪੁਰਾ ਵਿਖੇ ਸਰਕਾਰ ਵੱਲੋਂ ਮਜਦੂਰਾਂ ਦੇ ਮਕਾਨ ਢਾਹ ਕੇ ਉਨ੍ਹਾਂ ਨੂੰ ਬੇਘਰ ਕਰਨ ਦੀ ਜੋਰਦਾਰ ਨਿਖੇਧੀ ਕੀਤੀ। ਮੁਜਾਹਰੇ ਨੂੰ ਸੰਬੋਧਨ ਕਰਦਿਆਂ ਨੌਜਵਾਨ ਆਗੂ ਗੌਰਵ ਰਾਣਾ ਨੇ ਕਿਹਾ ਕਿ ਅੱਜ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਦੁਖੀ ਲੋਕ ਸੜਕਾਂ 'ਤੇ ਉਤਰੇ ਹੋਏ ਹਨ ਤੇ ਇਹ ਪੰਜਾਬ ਸਰਕਾਰ ਦੀ ਅਸਲ ਤਸਵੀਰ ਪੇਸ਼ ਕਰਦੀ ਹੈ। ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਆਪਣੇ ਵਾਅਦਿਆਂ ਤੋਂ ਮੁੱਕਰ ਕੇ ਭੱਜਣ ਨਹੀਂ ਦਿਤਾ ਜਾਵੇਗਾ ਤੇ ਧੱਕੇਸ਼ਾਹੀ ਖਿਲਾਫ ਡਟੇ ਰਹਾਂਗੇ। ਇਸ ਮੌਕੇ ਰਾਮ ਸਿੰਘ ਗੋਲੂਮਾਜਰਾ , ਅਬਦੁਲ , ਦਰਸ਼ਨ ਸਿੰਘ ਬਸੀ , ਰਾਜ ਕੁਮਾਰ ਸੰਦੋਆ , ਰਾਮ ਸਿੰਘ ਰੌਲੀ ਆਦਿ ਹਾਜ਼ਰ ਸਨ।

# ਹਰੀਕੇ 'ਚ ਔਰਤ ਗਿਰੋਹ ਜੋ ਆਪਣੇ ਜਾਲ 'ਚ ਫਸਾ ਕੇ ਮੰਗਦੈ ਫਿਰੌਤੀਆਂ !

**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਥਾਣਾ ਹਰੀਕੇ ਵਿਖੇ ਦਰਜ ਹੋਏ ਮਾਮਲੇ 'ਚ ਔਰਤਾਂ ਵੱਲੋਂ ਵਰਗਲਾ ਕੇ ਫਿਰੌਤੀ ਮੰਗਣ ਦੇ ਮਾਮਲੇ ਦੀਆਂ ਤਹਿਆਂ ਖੁੱਲ੍ਹਣੀਆ ਆਰੰਭ ਹੋ ਗਈਆਂ। ਕਈ ਘਰਾਂ ਅੰਦਰ ਦੇਹ ਵਪਾਰ ਵਰਗੇ ਸੰਗੀਨ ਅਪਰਾਧ ਹੋਣ ਦੀਆਂ ਕਨਸੋਆਂ ਵੀ ਉੱਠਣ ਲੱਗੀਆਂ ਹਨ। ਉਥੇ ਹੀ ਕੌਮੀ ਸ਼ਾਹ ਰਾਹ ਤੋਂ ਗੁਜ਼ਰਦੇ ਟਰੱਕ ਡਰਾਈਵਰਾਂ ਨੂੰ ਆਪਣੇ ਜਾਲ 'ਚ ਫਸਾਉਣ ਲਈ ਵੀ ਇਸ ਔਰਤ ਗਿਰੋਹ ਦੀ ਅਹਿਮ ਭੂਮਿਕਾ ਦੱਸੀ ਜਾ ਰਹੀ ਹੈ। ਹੈਰਾਨੀਜਨਕ ਪਹਿਲੂ ਇਹ ਹੈ ਕਿ ਇਸ ਗੋਰਖ ਧੰਦੇ ਲਈ ਖਾਕੀ ਦਾ ਇਸਤੇਮਾਲ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਦੱਸਣਯੋਗ ਹੈ ਕਿ ਇਲਾਕੇ 'ਚ ਸਰਗਰਮ ਔਰਤਾਂ ਦੇ ਇਕ ਗਿਰੋਹ ਵੱਲੋਂ ਫੋਨ ਕਾਲ 'ਤੇ ਆਦਮੀਆਂ ਨੂੰ ਸ਼ਬਦਾਂ ਦੇ ਜਾਲ 'ਚ ਫਸਾ ਕੇ ਹਰੀਕੇ ਸੱਦਿਆ ਜਾਂਦਾ ਹੈ ਤੇ ਪਹਿਲਾਂ ਨਿਰਧਾਰਤ ਜਗ੍ਹਾ 'ਤੇ ਲਿਜਾ ਕੇ ਇਤਰਾਜ਼ਯੋਗ ਵੀਡੀਓ ਬਣਾਇਆ ਜਾਂਦਾ ਤੇ ਬਾਅਦ 'ਚ ਇਹੋ ਵੀਡੀਓ ਵਾਇਰਲ ਕਰਕੇ ਫਿਰੌਤੀ ਮੰਗੀ ਜਾਂਦੀ ਹੈ। ਗੌਰਤਲਬ ਹੈ ਕਿ ਕਈ ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ ਹੋਣ ਦੇ ਬਾਵਜੂਦ ਇਹ ਸਿਲਸਿਲਾ ਬਾਦਸਤੂਰ ਜਾਰੀ ਹੈ। ਕੌਮੀ ਸ਼ਾਹ ਰਾਹ 'ਤੇ ਹਰੀਕੇ ਬਾਈਪਾਸ ਦੇ ਇਕ ਕੋਨੇ ਤੋਂ ਟਰੱਕ ਵਿੱਚ ਔਰਤਾਂ ਸੈਕਸ ਵਰਕਰ ਬਣ ਕੇ ਚੜ੍ਹ ਜਾਂਦੀਆਂ ਹਨ। ਰਸਤੇ ਵਿੱਚ ਜਾਅਲੀ ਪੁਲਸ ਮੁਲਾਜ਼ਮ ਇਨ੍ਹਾਂ ਨੂੰ ਰੋਕ ਕੇ ਕਾਨੂੰਨੀ ਕਾਰਵਾਈ ਦਾ ਡਰਾਵਾ ਦੇ ਕੇ ਪੈਸੇ ਬਟੋਰਦੇ ਹਨ। ਤ੍ਰਾਸਦੀ ਇਹ ਹੈ ਕਿ ਦੋ ਜ਼ਿਲ੍ਹਿਆਂ ਦੀ ਹੰਦਬੰਦੀ ਹੋਣ ਕਰਕੇ ਪੁਲਸ ਵਕੂਏ ਵਿੱਚ ਉਲਝ ਕੇ ਰਹਿ ਜਾਂਦੀ ਹੈ ਤੇ ਸਮਾਜ ਵਿਰੋਧੀ ਅਨਸਰ ਬੇਰੋਕ-ਟੋਕ ਧੰਦਾ ਕਰਦੇ ਰਹਿੰਦੇ ਹਨ। ਉਧਰ ਸੰਪਰਕ ਕਰਨ 'ਤੇ ਥਾਣਾ ਹਰੀਕੇ ਦੇ ਮੁੱਖ ਅਫਸਰ ਪਰਵਿੰਦਰ ਸਿੰਘ ਨਾਗੋਕੇ ਨੇ ਦੱਸਿਆ ਕਿ ਪੁਲਸ ਪਾਸ ਖੁਫੀਆ ਇਤਲਾਹ ਪਹਿਲਾਂ ਹੀ ਹੈ ਕਿ ਇਸ ਗਿਰੋਹ ਦੀਆਂ ਔਰਤਾਂ ਕੌਮੀ ਸ਼ਾਹ ਰਾਹ 'ਤੇ ਭੋਲੇ-ਭਾਲੇ ਲੋਕਾਂ, ਡਰਾਈਵਰਾਂ ਨੂੰ ਗਰੀਬੀ ਦੇ ਹਵਾਲੇ ਨਾਲ ਹਮਬਿਸਤਰ ਹੋਣ ਦੀ ਪੇਸ਼ਕਸ਼ ਕਰਦੀਆਂ ਹਨ ਜੋ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਗਿਰੋਹ ਜਲਦੀ ਕਾਨੂੰਨ ਦੇ ਸ਼ਿਕੰਜੇ ਵਿੱਚ ਹੋਣਗੇ।

# ਧੁੰਦ ਦੇ ਮੌਸਮ 'ਚ ਸੜਕੀ ਆਵਾਜਾਈ ਦੇ ਨਿਯਮਾਂ ਦਾ ਪਾਲਣ ਕੀਤਾ ਜਾਵੇ: ਡੀ ਸੀ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਡਿਪਟੀ ਕਮਿਸ਼ਨਰ ਤਰਨਤਾਰਨ ਰਿਸ਼ੀਪਾਲ ਸਿੰਘ ਨੇ ਧੁੰਦ ਅਤੇ ਸੀਤ ਲਹਿਰ ਦੇ ਮੱਦੇਨਜ਼ਰ ਜ਼ਿਲ੍ਹਾ ਵਾਸੀਆਂ ਨੂੰ ਜ਼ਰੂਰੀ ਸਾਵਧਾਨੀਆਂ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਅਪੀਲ ਕੀਤੀ ਕਿ ਸੜਕੀ ਆਵਾਜਾਈ ਦੇ ਨਿਯਮਾਂ ਦਾ ਪਾਲਣ ਕੀਤਾ ਜਾਵੇ ਕਿਉਂਕਿ ਧੁੰਦ ਕਾਰਨ ਦੂਰ ਤੱਕ ਵਿਖਾਈ ਨਹੀਂ ਦਿੰਦਾ ਹੈ।

ਡਿਪਟੀ ਕਮਿਸ਼ਨਰ ਨੇ ਅਪੀਲ ਕੀਤੀ ਕਿ ਧੁੰਦ ਵਿੱਚ ਵਾਹਨ ਹੌਲੀ ਚਲਾਓ, ਲਾਈਟਾਂ ਜਗਾ ਕੇ ਲੋਅ ਬੀਮ 'ਤੇ ਰੱਖੋ, ਅਗਲੇ ਪਿਛਲੇ ਡਿੱਪਰ ਜਗਾ ਕੇ ਗੱਡੀ ਚਲਾਓ। ਸੜਕ ਉੱਤੇ ਦੋ ਵਾਹਨਾਂ ਵਿਚਕਾਰ ਇੰਨਾ ਕੁ ਫਾਸਲਾ ਜ

10-January-PAGE-4-2.qxd 1/9/2023 10:58 PM Page 1

ਨਵਾਂ ਜ਼ਮਾਨਾ
ਮੰਗਲਵਾਰ, 10 ਜਨਵਰੀ 2023

# ਮਨੁੱਖੀ ਅਧਿਕਾਰਾਂ ਬਾਰੇ ਅਮਰੀਕਾ ਦਾ ਸੱਚ

*ਅਮਰੀਕਾ ਦੁਨੀਆ ਨੂੰ ਹਮੇਸ਼ਾ ਮਨੁੱਖੀ ਅਧਿਕਾਰਾਂ ਦਾ ਸਬਕ ਪੜ੍ਹਾਉਂਦਾ ਰਹਿੰਦਾ ਹੈ, ਪਰ ਖੁਦ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਵਿੱਚ ਸਭ ਨਾਲੋਂ ਅੱਗੇ ਲੰਘਦਾ ਜਾ ਰਿਹਾ ਹੈ। ਇਸ ਸਾਲ ਜਾਰੀ ਇੱਕ ਰਿਪੋਰਟ ਅਨੁਸਾਰ 2022 ਦੌਰਾਨ ਅਮਰੀਕਾ ਵਿੱਚ ਪੁਲਸ ਵੱਲੋਂ 1176 ਲੋਕਾਂ ਦੀ ਹੱਤਿਆ ਕੀਤੀ ਗਈ ਹੈ। ਇਹ ਗਿਣਤੀ 2013 ਤੋਂ ਬਾਅਦ ਸਭ ਤੋਂ ਵੱਧ ਹੈ।*

*'ਮੈਪਿੰਗ ਪੁਲਸ ਵਾਇਲੈਂਸ' ਨਾਮੀ ਗੈਰ-ਸਰਕਾਰੀ ਸੰਸਥਾ ਹਰ ਸਾਲ ਪੁਲਸ ਵੱਲੋਂ ਮਾਰੇ ਗਏ ਨਾਗਰਿਕਾਂ ਦੇ ਅੰਕੜੇ ਜਾਰੀ ਕਰਦੀ ਹੈ। ਇਹ ਸੰਸਥਾ ਵਕੀਲਾਂ ਵੱਲੋਂ ਬਣਾਈ ਗਈ ਹੈ। ਸੰਸਥਾ ਅਨੁਸਾਰ ਅਸਲ ਹੱਤਿਆਵਾਂ ਉਨ੍ਹਾਂ ਵੱਲੋਂ ਪੇਸ਼ ਅੰਕੜਿਆਂ ਤੋਂ ਕਈ ਗੁਣਾ ਵੱਧ ਹੋ ਸਕਦੀਆਂ ਹਨ, ਕਿਉਂਕਿ ਪੁਲਸ ਵਿਭਾਗ ਕਈ ਮਾਮਲਿਆਂ ਨੂੰ ਛੁਪਾ ਲੈਂਦਾ ਹੈ। ਉਹ ਇਨ੍ਹਾਂ ਨੂੰ ਮੁਕਾਬਲੇ ਦੱਸ ਕੇ ਆਪਣੇ ਆਪ ਨੂੰ ਬਰੀ ਕਰ ਲੈਂਦਾ ਹੈ।*

*2022 ਵਿਚਲੀਆਂ ਹੱਤਿਆਵਾਂ ਦਾ ਹਿਸਾਬ ਕੀਤਾ ਜਾਵੇ ਤਾਂ ਪੁਲਸ ਨੇ ਹਰ ਮਹੀਨੇ 100, ਜੋ ਹਰ ਦਿਨ 3 ਤੋਂ ਵੱਧ ਬਣਦੀਆਂ ਹਨ, ਹੱਤਿਆਵਾਂ ਕੀਤੀਆਂ ਹਨ। ਯਾਦ ਹੋਵੇਗਾ ਕਿ 2020 ਵਿੱਚ ਪੁਲਸ ਦੁਆਰਾ ਜਾਰਜ ਫਲਾਇਡ ਦੀ ਹੱਤਿਆ ਤੋਂ ਬਾਅਦ ਅਮਰੀਕਾ ਵਿੱਚ 'ਬਲੈਕ ਲਾਈਵ ਮੈਟਰ' ਨਾਂਅ ਦਾ ਸ਼ਕਤੀਸ਼ਾਲੀ ਅੰਦੋਲਨ ਖੜ੍ਹਾ ਹੋਇਆ ਸੀ, ਜਿਸ ਨੂੰ ਸਾਰੀ ਦੁਨੀਆਂ ਤੋਂ ਸਮੱਰਥਨ ਮਿਲਿਆ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਹਾਰੇ ਤੇ ਬਾਇਡੇਨ ਸੱਤਾ ਵਿੱਚ ਆਏ, ਪਰ ਪੁਲਸ ਦਾ ਰਵੱਈਆ ਪਹਿਲਾਂ ਤੋਂ ਵੀ ਬੇਰਹਿਮ ਹੋ ਗਿਆ ਹੈ।*

*ਪੁਲਸ ਦੁਆਰਾ ਕੀਤੀਆਂ ਗਈਆਂ ਹੱਤਿਆਵਾਂ ਦੇ ਅੰਕੜੇ ਉੱਥੋਂ ਦੇ ਨਾਮਣੇ ਵਾਲੇ ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ ਵੀ ਜਾਰੀ ਕੀਤੇ ਹਨ। ਅਖ਼ਬਾਰ ਮੁਤਾਬਕ ਪੁਲਸ ਵੱਲੋਂ ਔਸਤਨ ਹਰ ਸਾਲ 1000 ਦੇ ਕਰੀਬ ਆਦਮੀ ਮਾਰ ਦਿੱਤੇ ਜਾਂਦੇ ਹਨ। ਇਸ ਅਨੁਸਾਰ 2015 ਤੋਂ ਲੈ ਕੇ ਹੁਣ ਤੱਕ 8102 ਵਿਅਕਤੀਆਂ ਦੀ ਪੁਲਸ ਵੱਲੋਂ ਹੱਤਿਆ ਕੀਤੀ ਜਾ ਚੁੱਕੀ ਹੈ। 'ਵਾਸ਼ਿੰਗਟਨ ਪੋਸਟ' ਅਨੁਸਾਰ ਉਨ੍ਹਾਂ ਦੇ ਇਹ ਅੰਕੜੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਜਾਰੀ ਰਿਪੋਰਟਾਂ ਉੱਤੇ ਅਧਾਰਤ ਹਨ। ਉਸਨੇ ਇਹ ਵੀ ਦੱਸਿਆ ਹੈ ਕਿ ਐੱਫ਼ ਬੀ ਆਈ ਨੂੰ ਅਸਲ ਹੱਤਿਆਵਾਂ ਵਿੱਚੋਂ ਸਿਰਫ਼ ਇੱਕ-ਤਿਹਾਈ ਦੀ ਹੀ ਜਾਣਕਾਰੀ ਮਿਲਦੀ ਹੈ। ਇਸ ਦਾ ਭਾਵ ਹੈ ਕਿ ਪੁਲਸ ਵੱਲੋਂ ਕੀਤੀਆਂ ਹੱਤਿਆਵਾਂ ਦਾ ਅਸਲ ਅੰਕੜਾ ਬਹੁਤ ਵੱਧ ਹੁੰਦਾ ਹੈ।*

*ਅਖ਼ਬਾਰ ਮੁਤਾਬਕ ਪੁਲਸ ਵੱਲੋਂ ਕੀਤੀਆਂ ਗਈਆਂ ਹੱਤਿਆਵਾਂ ਵਿੱਚ ਸਭ ਤੋਂ ਵੱਧ ਗਿਣਤੀ ਕਾਲੇ ਲੋਕਾਂ ਦੀ ਹੁੰਦੀ, ਜਿਨ੍ਹਾਂ ਦੀ ਅਬਾਦੀ ਸਿਰਫ਼ 14 ਫ਼ੀਸਦੀ ਹੈ। ਇਸ ਅੰਕੜੇ ਮੁਤਾਬਕ ਪੁਲਸ ਦਾ ਸ਼ਿਕਾਰ ਹੋਣ ਵਾਲੇ ਕਾਲੇ ਲੋਕ 10 ਲੱਖ ਦੀ ਅਬਾਦੀ ਪਿੱਛੇ 5.9, ਭੂਰੇ 2.6 ਤੇ ਗੋਰੇ 2.3 ਹੁੰਦੇ ਹਨ। ਪੁਲਸ ਵੱਲੋਂ ਮਾਰੇ ਜਾਂਦੇ ਵਿਅਕਤੀਆਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੁੰਦੀ ਹੈ।*

*ਮੈਪਿੰਗ ਪੁਲਸ ਵਾਇਲੈਂਸ ਮੁਤਾਬਕ ਪੁਲਸ ਅਜਿਹੀਆਂ ਹੱਤਿਆਵਾਂ ਨੂੰ ਆਮ ਮੁੱਠਭੇੜ ਵਜੋਂ ਦਰਜ ਕਰਦੀ ਹੈ, ਪਰ ਪੜਤਾਲ ਤੋਂ ਪਤਾ ਲੱਗਦਾ ਹੈ ਕਿ ਪੁਲਸ ਝੂਠੀ ਹੈ। ਇਸ ਸਾਲ ਮਾਰੇ ਗਏ ਲੋਕਾਂ ਵਿੱਚੋਂ 11 ਫ਼ੀਸਦੀ ਨੇ ਕੋਈ ਅਪਰਾਧ ਨਹੀਂ ਕੀਤਾ ਸੀ, 9 ਫ਼ੀਸਦੀ ਮਾਨਸਿਕ ਰੋਗੀ ਸਨ, 8 ਫ਼ੀਸਦੀ ਨੇ ਸਿਰਫ਼ ਟਰੈਫਿਕ ਨਿਯਮ ਤੋੜੇ ਸਨ, 18 ਫ਼ੀਸਦੀ ਹਿੰਸਕ ਨਹੀਂ ਸਨ, 8 ਫੀਸਦੀ ਘਰੇਲੂ ਝਗੜੇ ਕਾਰਨ ਪ੍ਰੇਸ਼ਾਨ ਸਨ ਤੇ 11 ਫ਼ੀਸਦੀ ਕੋਲ ਕੋਈ ਹਥਿਆਰ ਨਹੀਂ ਸੀ। ਇਸ ਦਾ ਮਤਲਬ ਹੈ ਕਿ ਇਹ 65 ਫ਼ੀਸਦੀ ਬੇਕਸੂਰ ਲੋਕ ਮਾਰੇ ਗਏ ਸਨ। ਇਸ ਰਿਪੋਰਟ ਵਿੱਚ ਵੀ ਕਾਲੇ ਲੋਕਾਂ ਦੀਆਂ ਹੱਤਿਆਵਾਂ ਦਾ ਵਰਨਣ ਹੈ। ਸਾਲ 2013 ਤੋਂ 22 ਦਰਮਿਆਨ ਪੁਲਸ ਵੱਲੋਂ ਮਾਰੇ ਗਏ ਵਿਅਕਤੀਆਂ ਵਿੱਚੋਂ 24 ਫ਼ੀਸਦੀ ਕਾਲੇ ਸਨ। ਅਮਰੀਕਾ ਵਿੱਚ ਸਰਕਾਰ ਤੇ ਆਮ ਲੋਕਾਂ ਵਿੱਚ ਬੰਦੂਕ ਸੱਭਿਆਚਾਰ ਦੀ ਤਾਂ ਖ਼ੂਬ ਚਰਚਾ ਹੁੰਦੀ ਹੈ, ਪਰ ਪੁਲਸ ਰਾਹੀਂ ਕੀਤੀਆਂ ਜਾਂਦੀਆਂ ਇਨ੍ਹਾਂ ਹੱਤਿਆਵਾਂ ਉੱਤੇ ਚੁੱਪ ਵੱਟ ਲਈ ਜਾਂਦੀ ਹੈ।*

*ਅਸਲ ਵਿੱਚ ਦੁਨੀਆ ਭਰ ਵਿੱਚ ਫਾਸ਼ੀਵਾਦੀ ਹਾਕਮਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਲੋਕਰਾਜ ਨੂੰ ਪੁਲਸ ਰਾਜ ਵਿੱਚ ਬਦਲਣ ਦੀ ਗਿਣੀ-ਮਿੱਥੀ ਕੋਸ਼ਿਸ਼ ਹੋ ਰਹੀ ਹੈ। ਸਾਡੇ ਆਪਣੇ ਦੇਸ਼ ਵਿੱਚ ਵੀ ਇਸ ਤੋਂ ਵੱਖਰਾ ਹਾਲ ਨਹੀਂ ਹੈ। ਇੱਥੇ ਰੰਗ-ਭੇਦ ਦੀ ਥਾਂ ਜਾਤੀ-ਭੇਦ ਤੇ ਧਰਮ-ਭੇਦ ਨੂੰ ਮੁੱਖ ਰੱਖ ਕੇ ਨਿਸ਼ਾਨੇ ਮਿੱਥੇ ਜਾਂਦੇ ਹਨ। ਮੋਦੀ ਸਰਕਾਰ ਨੇ ਇਨ੍ਹਾਂ ਹੱਤਿਆਵਾਂ ਉੱਤੇ ਪਰਦਾ ਪਾਉਣ ਲਈ ਅੰਕੜੇ ਇਕੱਤਰ ਤੇ ਜਾਰੀ ਕਰਨ ਉਤੇ ਰੋਕ ਲਾਈ ਹੋਈ ਹੈ, ਇਸੇ ਲਈ ਇਨ੍ਹਾਂ ਬੇਰਹਿਮ ਹੱਤਿਆਵਾਂ ਉਤੇ ਪਰਦਾ ਪਿਆ ਰਹਿੰਦਾ ਹੈ।*

# ਇੱਕੋ ਜਿਹਾ ਸਿਵਲ ਕੋਡ ਹੈ ਕੀ ਬਲਾ ?

**ਪੇਸ਼ਕਸ਼: ਡਾ. ਅਜੀਤਪਾਲ ਸਿੰਘ**

ਪਿਛਲੇ ਅਰਸੇ ਦੌਰਾਨ ਹਿੰਦੂ ਫਾਸ਼ੀਵਾਦੀਆਂ ਵੱਲੋਂ ਸਭ ਲਈ ਇੱਕੋ ਜਿਹੇ ਸਿਵਲ ਕੋਡ ਦੀਆਂ ਗੱਲਾਂ ਇੱਕ ਵਾਰੀ ਫਿਰ ਬਹੁਤ ਜ਼ੋਰ-ਸ਼ੋਰ ਨਾਲ ਹੋਣ ਲੱਗੀਆਂ ਹਨ। ਕਈ ਭਾਜਪਾ ਦੀ ਹਕੂਮਤ ਵਾਲੇ ਸੂਬਿਆਂ 'ਚ ਇਸ ਬਾਰੇ ਬਿੱਲ ਲਿਆਉਣ ਦੀ ਗੱਲ ਹੋ ਰਹੀ ਹੈ। ਗੁਜਰਾਤ 'ਚ ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਵੱਲੋਂ ਇਸ ਮਕਸਦ ਦੀ ਗੱਲ ਕੀਤੀ ਵੀ ਗਈ ਹੈ। ਰਾਜ ਸਭਾ ਵਿੱਚ ਇੱਕ ਮੈਂਬਰ ਨੇ ਇਸ ਸੰਬੰਧੀ ਆਪਣਾ ਇੱਕ ਨਿੱਜੀ ਬਿੱਲ ਵੀ ਪੇਸ਼ ਕੀਤਾ। ਇੱਕ ਸਮਾਨ ਸਿਵਲ ਕੋਡ ਹਿੰਦੂ ਫਾਸ਼ੀਵਾਦੀਆਂ ਦੇ ਉਹਨਾਂ ਤਿੰਨ ਪ੍ਰਮੁੱਖ ਮੁੱਦਿਆਂ ਵਿੱਚੋਂ ਇੱਕ ਰਿਹਾ ਹੈ, ਜਿਸ ਦੁਆਲੇ ਉਹਨਾਂ ਨੇ ਪਿਛਲੇ ਤਿੰਨ-ਚਾਰ ਦਹਾਕਿਆਂ 'ਚ ਕਤਾਰਬੰਦੀ ਵੀ ਕੀਤੀ ਹੈ। ਅਯੁੱਧਿਆ ਵਿੱਚ ਰਾਮ ਮੰਦਰ ਤੇ ਜੰਮੂ-ਕਸ਼ਮੀਰ ਨਾਲ ਸੰਬੰਧਤ ਸੰਵਿਧਾਨ ਦੀ ਧਾਰਾ-370 ਰੱਦ ਕਰਨਾ ਹੋਰ ਦੋ ਮੁੱਦੇ ਸਨ, ਜਿਹਨਾਂ ਨੂੰ ਉਹਨਾਂ ਨੇ ਲਾਗੂ ਕਰ ਦਿੱਤਾ ਹੈ। ਇੱਕ ਬਰਾਬਰ ਸਿਵਲ ਕੋਡ ਬਾਰੇ ਹਿੰਦੂ ਫਾਸ਼ੀਵਾਦੀਆਂ ਦਾ ਤਰਕ ਇਹ ਰਿਹਾ ਹੈ ਕਿ ਦੇਸ਼ ਦੀ ਏਕਤਾ-ਅਖੰਡਤਾ ਲਈ ਇਹ ਜ਼ਰੂਰੀ ਹੈ। ਦੇਸ਼ ਦੇ ਵੱਖ-ਵੱਖ ਨਾਗਰਿਕਾਂ ਲਈ ਵੱਖ-ਵੱਖ ਨਾਗਰਿਕ ਕੋਡ ਫੁੱਟ ਨੂੰ ਜਨਮ ਦਿੰਦੇ ਹਨ। ਇਸ ਵਜ੍ਹਾ ਕਰਕੇ ਉਹ ਦੇਸ਼ ਦੇ ਵਿਕਾਸ ਵਿੱਚ ਅੜਿੱਕਾ ਹਨ। ਇੱਕ ਬਰਾਬਰ ਸਿਵਲ ਕੋਡ ਦੀਆਂ ਗੱਲਾਂ ਹਿੰਦੂ ਫਾਸ਼ੀਵਾਦੀ ਇਸ ਦਾਅਵੇ ਨਾਲ ਕਰਦੇ ਹਨ ਕਿ ਧਰਮ ਦੀ ਰਾਜਨੀਤੀ ਤੇ ਜਨਤਕ ਜੀਵਨ ਵਿੱਚ ਭੂਮਿਕਾ ਹੋਣੀ ਚਾਹੀਦੀ ਹੈ। ਬਿਨਾਂ ਧਾਰਮਿਕ ਅਗਵਾਈ ਦੇ ਉਹ ਸਹੀ ਦਿਸ਼ਾ ਵਿੱਚ ਨਹੀਂ ਚੱਲ ਸਕਦੇ। ਨਾਲ ਹੀ ਉਹ ਇਹ ਵੀ ਕਹਿੰਦੇ ਰਹੇ ਹਨ ਕਿ ਹਿੰਦੂ ਧਰਮ ਹੀ ਨਹੀਂ, ਬਲਕਿ ਇੱਕ ਜੀਵਨ-ਜਾਚ ਹੈ। ਇਹਨਾਂ ਸਾਰੀਆਂ ਗੱਲਾਂ ਦਾ ਕੁੱਲ ਮਿਲਾ ਕੇ ਸਿੱਟਾ ਇਹ ਨਿਕਲਦਾ ਹੈ ਕਿ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਹਿੰਦੂਆਂ ਦੇ ਸਮਾਜਿਕ-ਧਾਰਮਿਕ ਵਿਸ਼ਵਾਸਾਂ ਮੁਤਾਬਕ ਚੱਲਣਾ ਚਾਹੀਦਾ ਹੈ। ਇਸ ਲਈ ਹਿੰਦੂ ਫਾਸ਼ੀਵਾਦੀਆਂ ਦੇ ਇੱਕੋ ਜਿਹੇ ਬਰਾਬਰ ਸਿਵਲ ਕੋਡ ਸਾਰੇ ਨਾਗਰਿਕਾਂ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਤੋਂ ਇਲਾਵਾ ਇੱਕ ਧਰਮ ਨਿਰਪੱਖ ਸਿਵਲ ਕੋਡ ਦਾ ਪਾਲਣ ਕਰਨ ਵੱਲ ਨਹੀਂ ਲੈ ਜਾਂਦਾ, ਬਲਕਿ ਇਸ ਦੇ ਉਲਟ ਉਹ ਸਾਰਿਆਂ 'ਤੇ ਹਿੰਦੂ ਰੀਤੀ-ਰਿਵਾਜ ਠੋਸਣ ਵੱਲ ਲੈ ਜਾਂਦਾ ਹੈ। ਮਿਸਾਲ ਵਜੋਂ ਜ਼ਿੰਦਗੀ ਦੀ ਇੱਕ ਆਮ ਘਟਨਾ ਨੂੰ ਲਈਏ। ਸਾਰੇ ਸਮਾਜਾਂ ਵਿੱਚ ਇਹ ਜਗੀਰੂ ਜ਼ਮਾਨੇ ਵਿੱਚ ਧਾਰਮਿਕ ਜੀਵਨ ਨਾਲ ਜੁੜੀ ਚੀਜ਼ ਸੀ। ਸ਼ਾਦੀ-ਵਿਆਹ ਤੇ ਤਲਾਕ ਬਾਰੇ ਧਾਰਨਾ ਇਹਨਾਂ ਬਾਰੇ ਰੀਤੀ-ਰਿਵਾਜ ਸਭ ਧਰਮ ਨਾਲ ਜੁੜੇ ਹੋਏ ਸਨ। ਇਸ ਲਈ ਉਹ ਸਾਰੇ ਸਮਾਜਾਂ ਵਿੱਚ ਧਰਮ ਦੇ ਹਿਸਾਬ ਨਾਲ ਵੱਖ-ਵੱਖ ਸਨ। ਪੂੰਜੀਵਾਦੀ ਸਮਾਜਾਂ ਵਿੱਚ ਜਦ ਧਰਮ ਨਿਰਪੱਖਤਾ ਦੀ ਧਾਰਨਾ ਤਹਿਤ ਨਾਗਰਿਕ ਕੋਡ ਬਣੇ ਤਾਂ ਸ਼ਾਦੀ-ਵਿਆਹ ਤੇ ਤਲਾਕ ਨੂੰ ਧਰਮ ਤੋਂ ਵੱਖ ਕਰ ਦਿੱਤਾ ਗਿਆ। ਇਸ ਸੰਬੰਧ ਵਿੱਚ ਧਾਰਮਿਕ ਰਿਵਾਜ ਵਿਅਕਤੀ ਦੇ ਨਿੱਜੀ ਵਿਸ਼ਵਾਸ ਦਾ ਮਾਮਲਾ ਬਣ ਗਏ। ਉਹਨਾਂ ਨੂੰ ਇਹ ਕਿਵੇਂ ਠੀਕ ਬੈਠਦਾ ਹੈ, ਉਹ ਉਹਨਾਂ ਦਾ ਨਿੱਜੀ ਮਾਮਲਾ ਬਣ ਗਿਆ, ਪਰ ਸੰਵਿਧਾਨਕ-ਕਾਨੂੰਨੀ ਪ੍ਰਕਿਰਿਆਵਾਂ ਦਾ ਨਿਰਵਾਹ ਲਾਜ਼ਮੀ ਹੋ ਗਿਆ, ਜੋ ਨਾਗਰਿਕਾਂ ਲਈ ਬਰਾਬਰ ਸਨ। ਮਿਸਾਲ ਵਜੋਂ ਸਭ ਨੂੰ ਸ਼ਾਦੀ-ਵਿਆਹ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੋ ਗਈ। ਇਸ ਤਰ੍ਹਾਂ ਤਲਾਕ ਵੀ ਕਾਨੂੰਨੀ ਕਾਰਵਾਈ ਜ਼ਰੀਏ ਹੀ ਮਿਲ ਸਕਦਾ ਸੀ। ਅਜਿਹੇ ਵਿੱਚ ਵਿਅਕਤੀ ਨਿੱਜੀ ਤੌਰ 'ਤੇ ਜਿਹੜੇ ਮਰਜ਼ੀ ਨਿੱਜੀ ਰਿਵਾਜਾਂ ਦੀ ਪਾਲਣਾ ਕਰਦਾ ਰਹਿ ਸਕਦਾ ਸੀ, ਪਰ ਕਾਨੂੰਨੀ ਤੌਰ 'ਤੇ ਉਹਨਾਂ ਦਾ ਕੋਈ ਮਤਲਬ ਨਹੀਂ ਸੀ। ਭਾਰਤ ਵਿੱਚ ਇਸ ਨੇ ਅਜੀਬ ਜਿਹਾ ਰੂਪ ਧਾਰਨ ਕੀਤਾ। ਭਾਰਤ ਵਿੱਚ ਧਰਮਨਿਰਪੱਖਤਾ ਨੂੰ ਧਰਮਾਂ ਤੋਂ ਉਪਰ ਜਾਂ ਧਰਮਾਂ ਤੋਂ ਪਰੇ ਲੈਣ ਦੀ ਬਜਾਏ ਇਸ ਨੂੰ 'ਸਰਵ ਧਰਮ ਸਦਭਾਵਨਾ' ਤੱਕ ਸੀਮਤ ਕਰ ਦਿੱਤਾ ਗਿਆ। ਯਾਨੀ ਨਾਗਰਿਕ ਜੀਵਨ ਨੂੰ ਧਰਮਾਂ ਤੋਂ ਪਾਸੇ ਮੰਨਣ ਦੀ ਬਜਾਏ ਇਸ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਮੰਨਣ ਦਾ ਐਲਾਨ ਕਰ ਦਿੱਤਾ ਗਿਆ। ਸ਼ਾਦੀ-ਵਿਆਹ ਤੇ ਤਲਾਕ ਦੇ ਮਾਮਲੇ ਵਿੱਚ ਇਸ ਦਾ ਵਿਹਾਰਕ ਤੌਰ 'ਤੇ ਮਤਲਬ ਸੀ ਕਿ ਸਾਰੇ ਧਰਮਾਂ ਦੇ ਲੋਕ ਇਹਨਾਂ ਮਾਮਲਿਆਂ ਵਿੱਚ ਆਪਣੇ-ਆਪਣੇ ਧਾਰਮਿਕ ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਦੇ ਹਿਸਾਬ ਨਾਲ ਚਲਦੇ ਰਹਿ ਸਕਦੇ ਸਨ ਅਤੇ ਕਨੂੰਨਣ ਸਭ ਨੂੰ ਮਾਨਤਾ ਪ੍ਰਾਪਤ ਸੀ। ਜੇ ਕੋਈ ਇਹਨਾਂ ਨੂੰ ਨਹੀਂ ਮੰਨਣਾ ਚਾਹੁੰਦਾ ਸੀ ਤਾਂ ਉਸ ਦੇ ਲਈ 'ਵਿਸ਼ੇਸ਼ ਵਿਆਹ ਕਾਨੂੰਨ' ਸੀ। ਸੰਵਿਧਾਨ ਬਣਨ ਤੋਂ ਲੈ ਕੇ ਹੁਣ ਤੱਕ ਇਹੀ ਚੱਲਦਾ ਰਿਹਾ ਹੈ ਤੇ ਹਿੰਦੂ ਫਾਸ਼ੀਵਾਦੀ ਵੀ ਇਸ ਹਿਸਾਬ ਨਾਲ ਚਲਦੇ ਰਹੇ ਹਨ। ਉਹਨਾਂ ਦਾ ਨਿੱਜੀ ਜੀਵਨ ਵੀ ਇਸ ਹਿਸਾਬ ਨਾਲ ਚੱਲਦਾ ਰਿਹਾ। ਜਦੋਂ 1950 ਦੇ ਦਹਾਕੇ ਵਿੱਚ ਹਿੰਦੂਆਂ ਲਈ ਕਾਨੂੰਨ ਬਣਾਏ ਗਏ, ਉਦੋਂ ਵੀ ਹਿੰਦੂ ਧਰਮ ਦੀਆਂ ਮਾਨਤਾਵਾਂ ਦਾ ਪੂਰਾ ਖਿਆਲ ਰੱਖਿਆ ਗਿਆ ਅਤੇ ਅੱਜ ਵੀ ਅਦਾਲਤਾਂ ਵਿੱਚ ਉਹਨਾਂ ਦਾ ਹਵਾਲਾ ਦਿੱਤਾ ਜਾਂਦਾ ਹੈ। ਭਾਰਤ ਵਿੱਚ ਧਰਮਨਿਰਪੱਖਤਾ ਦੀ ਇਹ ਨੁਕਸਦਾਰ ਧਾਰਨਾ ਹਿੰਦੂ ਫਾਸ਼ੀਵਾਦੀਆਂ ਨੂੰ ਮਨਜ਼ੂਰ ਸੀ। ਬੱਸ ਉਹ ਇਸ ਨੂੰ ਅੱਗੇ ਵਧਾ ਲੈਣਾ ਚਾਹੁੰਦੇ ਸਨ, ਜਿਥੇ ਬਾਕੀ ਧਰਮਾਂ ਨੂੰ ਮੰਨਣ ਵਾਲੇ ਵੀ ਹਿੰਦੂ ਮਾਨਤਾਵਾਂ ਮੁਤਾਬਕ ਚੱਲਣ। ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਲਈ ਉਹਨਾਂ ਨੇ ਉਹਨਾਂ ਵਿੱਚ ਧਾਰਮਿਕ ਤੌਰ 'ਤੇ ਮਾਨਤਾ ਪ੍ਰਾਪਤ ਮਰਦਾਂ ਲਈ ਚਾਰ ਵਿਆਹਾਂ ਦੀ ਛੋਟ ਤੇ ਮਰਦਾਂ ਵੱਲੋਂ 'ਤਿੰਨ ਤਲਾਕ' ਨੂੰ ਆਪਣਾ ਮੁੱਦਾ ਬਣਾਇਆ। ਅੱਜ ਵੀ ਬਹੁਤੇ ਹਿੰਦੂ ਫਾਸ਼ੀਵਾਦੀ ਲਈ 'ਇੱਕੋ ਜਿਹੇ ਸਿਵਲ ਕੋਡ' ਦਾ ਇਹੀ ਮਤਲਬ ਹੈ। 'ਇੱਕੋ ਜਿਹੇ ਸਿਵਲ ਕੋਡ' ਦਾ ਅਸਲ ਮਤਲਬ ਨਾਗਰਿਕ ਅਤੇ ਇਸ ਲਈ ਸਰਵਜਨਕ ਜੀਵਨ ਦਾ ਧਰਮ ਤੋਂ ਪੂਰਨ ਅਲਗਾਅ ਅਤੇ ਧਰਮ ਨੂੰ ਵਿਅਕਤੀ ਦੇ ਨਿੱਜੀ ਜੀਵਨ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਹਿੰਦੂ ਫਾਸ਼ੀਵਾਦੀਆਂ ਲਈ 'ਇੱਕਸਾਰ ਸਿਵਲ ਕੋਡ' ਦਾ ਚਾਹੇ ਕੋਈ ਵੀ ਅਰਥ ਹੋਵੇ, ਪਰ ਇਹ ਅਰਥ ਬਿਲਕੁਲ ਹੀ ਨਹੀਂ ਹੋ ਸਕਦਾ। ਉਹ ਧਰਮ ਨੂੰ ਨਿੱਜੀ ਜੀਵਨ ਤੱਕ ਸੀਮਤ ਰੱਖਣ ਦੇ ਪੂਰਨ ਵਿਰੋਧੀ ਹਨ। ਉਹਨਾਂ ਦੀ ਸਾਰੀ ਰਾਜਨੀਤੀ ਧਰਮ ਨੂੰ ਜਨਤਕ ਮੁੱਦਾ ਬਣਾਉਣ 'ਤੇ ਅਧਾਰਤ ਹੈ, ਚਾਹੇ ਉਹ ਰਾਮ ਮੰਦਰ ਦੇ ਨਾਂਅ 'ਤੇ ਕਤਾਰਬੰਦੀ ਹੋਏ ਜਾਂ ਫਿਰ ਆਮ ਐਲਾਨ ਕਿ ਰਾਜਨੀਤੀ ਨੂੰ ਧਰਮ ਤੋਂ ਨਿਰਦੇਸ਼ਿਤ ਹੋਣਾ ਚਾਹੀਦਾ ਹੈ। ਹਿੰਦੂ ਫਾਸ਼ੀਵਾਦੀ ਚਤੁਰਾਈ ਵਿਖਾਉਂਦੇ ਹੋਏ ਕਹਿੰਦੇ ਹਨ ਕਿ ਜਦ ਉਹ ਧਰਮ ਦੀ ਗੱਲ ਕਰਦੇ ਹਨ ਤਾਂ ਉਹਨਾਂ ਦਾ ਮਕਸਦ ਪਾਠ-ਪੂਜਾ ਦੀ ਰਵਾਇਤ ਨਹੀਂ, ਬਲਕਿ ਜੀਵਨ-ਜਾਚ ਹੈ। ਉਹਨਾਂ ਦੇ ਹਿਸਾਬ ਨਾਲ ਭਾਰਤ ਦੇ ਸਾਰੇ ਲੋਕ ਹਿੰਦੂ ਹਨ, ਚਾਹੇ ਉਹਨਾਂ ਦੀ ਪਾਠ-ਪੂਜਾ ਦੀ ਪ੍ਰਣਾਲੀ ਜੋ ਮਰਜ਼ੀ ਹੋਵੇ। ਸੰਘ ਪਰਵਾਰ ਦੇ ਮੁਖੀ ਮੋਹਨ ਭਾਗਵਤ ਅਕਸਰ ਇਹ ਪਾਠ ਪੜ੍ਹਾਉਂਦੇ ਰਹਿੰਦੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹੀ ਹੈ ਕਿ ਦੁਨੀਆ ਦੇ ਸਾਰੇ ਹੀ ਧਰਮਾਂ ਬਾਰੇ ਇਹ ਸੱਚ ਹੈ ਕਿ ਉਹ ਪਾਠ-ਪੂਜਾ ਦੀ ਪ੍ਰਣਾਲੀ ਦੇ ਨਾਲ ਜੀਵਨ-ਜਾਚ ਵੀ ਹੈ। ਕਿਸੇ ਵੀ ਹੋਰ ਧਰਮ ਦੇ ਮੁਕਾਬਲੇ ਇਸਲਾਮ ਧਰਮ ਵਿੱਚ ਇਹ ਗੱਲ ਵਧੇਰੇ ਸੱਚ ਹੈ, ਕਿਉਂਕਿ ਇਸ ਦੀ ਧਾਰਮਿਕ ਪੁਸਤਕ ਕੁਰਾਨ 'ਚ ਜਿੰਨੀਆਂ ਗੱਲਾਂ ਪੂਜਾ-ਪਾਠ ਬਾਰੇ ਹਨ, ਉਸ ਤੋਂ ਕਿਤੇ ਵੱਧ ਅਲੌਕਿਕ ਜੀਵਨ ਬਾਰੇ ਹਨ। ਨਿੱਜੀ ਤੇ ਜਨਤਕ ਜੀਵਨ ਦਾ ਕੋਈ ਵੀ ਅਜਿਹਾ ਖੇਤਰ ਨਹੀਂ ਹੈ, ਜਿਸ ਬਾਰੇ ਕੁਰਾਨ ਵਿੱਚ ਨਿਰਦੇਸ਼ ਨਾ ਹੋਣ। ਪੂੰਜੀਵਾਦ ਦੇ ਪਹਿਲੇ ਨਿੱਜੀ ਜੀਵਨ ਅਤੇ ਜਨਤਕ ਜੀਵਨ ਇਹ ਅਲਗਾਅ ਨਹੀਂ ਸੀ, ਜੋ ਪੂੰਜੀਵਾਦ ਵਿੱਚ ਕ੍ਰਮਵਾਰ ਪੈਦਾ ਹੋਇਆ। ਉਹਨਾਂ ਸਮਾਜਾਂ ਵਿੱਚ ਨਿੱਜੀ ਤੇ ਜਨਤਕ ਘੁਲੇ-ਮਿਲੇ ਸਨ। ਇਸ ਲਈ ਸ਼ਾਦੀ-ਵਿਆਹ ਜਿੰਨਾ ਨਿੱਜੀ ਮਾਮਲਾ ਸੀ, ਓਨਾ ਹੀ

10-JAN-PAGE-5.qxd 1/9/2023 10:38 PM Page 1



# ਪੋਸਟਾਂ ਖਤਮ ਕੀਤੀਆਂ ਤਾਂ ਸਿਹਤ ਸਹੂਲਤਾਂ ਦਾ ਮੁਕੰਮਲ ਬਾਈਕਾਟ ਤੇ ਧਰਨਾ-ਪ੍ਰਦਰਸ਼ਨ ਕਰਾਂਗੇ : ਦਿਓਲ

ਜਥੇਬੰਦੀ ਪੰਜਾਬ ਸਟੇਟ ਏਡਜ਼ ਕੰਟਰੋਲ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੇ ਮੁਲਾਜ਼ਮ ਰੋਸ ਪ੍ਰਦਰਸ਼ਨ ਕਰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਭਰ ਵਿੱਚ ਐੱਚਆਈਵੀ/ਏਡਜ਼ ਦੀਆਂ ਸੇਵਾਵਾਂ ਦੇਣ ਵਾਲੇ ਸਿਹਤ ਵਿਭਾਗ ਦੇ ਇੱਕੋ ਇੱਕ ਅਦਾਰੇ ਅਧੀਨ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਇੱਕੋ ਇੱਕ ਸਿਰਮੌਰ ਜਥੇਬੰਦੀ ਪੰਜਾਬ ਸਟੇਟ ਏਡਜ਼ ਕੰਟਰੋਲ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ, ਜਿਸ ਨੇ ਅੱਜ ਤੋਂ ਪੰਜਾਬ ਭਰ ਵਿੱਚ ਕਲਮ ਛੋੜ ਹੜਤਾਲ ਦਾ ਐਲਾਨ ਕੀਤਾ ਹੋਇਆ ਸੀ, ਨੇ ਨਵ-ਨਿਯੁਕਤ ਸਿਹਤ ਮੰਤਰੀ ਬਲਵੀਰ ਸਿੰਘ ਦੇ ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਦੇ ਨਿਰਦੇਸ਼ ਹੋਣ ਦੀ ਉਮੀਦ ਵਜੋਂ ਕੁਝ ਬਦਲਾਅ ਕੀਤੇ ਹਨ, ਕਿਉਂਕਿ ਮੰਤਰੀ ਸ਼ੁਰੂ ਵਿੱਚ ਖੁਦ ਪ੍ਰੋਗਰਾਮ ਦੀ ਅਗਵਾਈ ਕਰ ਚੁੱਕੇ ਹਨ, ਜਿਸ ਤਹਿਤ 9 ਜਨਵਰੀ ਤੋਂ ਪੂਰਾ ਦਿਨ ਕੀਤੀ ਜਾਣ ਵਾਲੀ ਕਲਮ ਛੋੜ ਸਰਕਾਰ ਨੂੰ ਦੋ ਘੰਟੇ ਵਿੱਚ ਤਬਦੀਲ ਕਰਕੇ ਬਾਕੀ ਪੂਰਾ ਦਿਨ ਕਾਲੇ ਰੀਬਨ ਬੰਨ੍ਹ ਕੇ ਡਿਊਟੀ ਨਿਭਾਈ ਜਾਵੇਗੀ।ਮਾਨ ਸਰਕਾਰ ਦਾ ਵਿਭਾਗ ਨਾਲ ਸੰਬੰਧਤ ਸੂਝਵਾਨ ਮੰਤਰੀ ਨੂੰ ਅਹੁਦਾ ਦੇਣ ਤੇ ਆਸ ਪ੍ਰਗਟਾਈ ਕਿ ਮੰਤਰੀ ਸਾਹਿਬ ਵਿਭਾਗ ਦੀਆਂ ਕਮੀਆਂ ਦੂਰ ਕਰਕੇ ਨਵੀਂ ਦਿਸ਼ਾ ਦੇਣਗੇ।ਇਸ ਸਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਮੇਲ ਸਿੰਘ ਦਿਓਲ ਨੇ ਕਿਹਾ ਕਿ ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ ਦੇ ਮੁਲਾਜ਼ਮਾਂ ਦੀਆਂ ਪੋਸਟਾਂ ਖਤਮ ਕਰਨ ਦੇ ਨਾਦਰਸ਼ਾਹੀ ਫੈਸਲੇ ਨੂੰ ਪੰਜਾਬ ਦੇ ਵਿਭਾਗ ਨੇ ਮੁਲਾਜ਼ਮ ਮਾਰੂ ਫੈਸਲਾ ਸਮਾਂ ਰਹਿੰਦਿਆਂ ਹੀ ਲਾਗੂ ਕਰਨ ਦੇ ਨਿਰਦੇਸ਼ ਦੇ ਦਿੱਤੇ, ਜਦਕਿ ਪੂਰੇ ਭਾਰਤ ਵਿੱਚ ਇੱਕ ਵੀ ਰਾਜ ਨੇ ਇਹ ਨਾਦਰਸ਼ਾਹੀ ਫੈਸਲਾ ਲਾਗੂ ਨਹੀਂ ਕੀਤਾ, ਸਗੋਂ ਆਪੋ ਆਪਣੇ ਰਾਜ ਦੇ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਇਹ ਹੁਕਮ ਲਾਗੂ ਕਰਨ ਦੀ ਬਜਾਏ ਉਨ੍ਹਾਂ ਕਰਮਚਾਰੀਆਂ ਨੂੰ ਐਡਜਸਟ ਕਰਕੇ ਹੁਕਮ ਵੀ ਜਾਰੀ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਦਿੱਲੀ, ਜੰਮੂ ਕਸ਼ਮੀਰ, ਅੰਡੋਮਾਨ ਨਿਕੋਬਾਰ ਆਦਿ ਸ਼ਾਮਲ ਹਨ।ਦਿਓਲ ਨੇ ਅੱਗੇ ਦੱਸਿਆ ਕਿ ਨੈਕੋ ਨੇ ਹਰ ਰਾਜ ਦੇ ਪ੍ਰੋਜੈਕਟ ਡਾਇਰੈਕਟਰ/ਹੈਲਥ ਸੈਕਟਰੀ ਨੂੰ ਅਧਿਕਾਰ ਦਿੱਤੇ ਹਨ ਕਿ ਅਜਿਹਾ ਮੁਲਾਜ਼ਮ ਪੱਖੀ ਫ਼ੈਸਲਾ ਲੈਣ ਲਈ ਸੁਤੰਤਰ ਹਨ ਤੇ ਪਿਛਲੇ ਸ਼ਮੇਂ ਵਿੱਚ ਪੰਜਾਬ ਵਿੱਚ ਵੀ ਅਜਿਹੇ ਫੈਸਲੇ ਲੈ ਕੇ ਲਾਗੂ ਹੋ ਚੁੱਕੇ ਹਨ, ਪਰ ਵਿਭਾਗ ਦੇ ਅਧਿਕਾਰੀ 10 ਤੋਂ 12 ਸਾਲ ਤੱਕ ਨੌਕਰੀ ਕਰਨ ਦੇ ਬਾਵਜੂਦ ਇਨ੍ਹਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਲਈ ਬਜ਼ਿੱਦ ਹਨ।ਇਸ ਸੰਬੰਧੀ ਸਾਥਕਾ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਪੱਸਟ ਨਿਰਦੇਸ਼ ਦਿੱਤੇ ਸਨ ਕਿ ਇਨ੍ਹਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਨਾ ਕੱਢਿਆ ਜਾਵੇ, ਬਲਕਿ ਨਵੀਆਂ ਪੈਦਾ ਕੀਤੀਆਂ ਗਈਆਂ ਬਰਾਬਰ ਦੀਆਂ ਪੋਸਟਾਂ ਦਾ ਕੰਮ ਦਿੰਦੇ ਹੋਏ ਬਹਾਲ ਰੱਖਿਆ ਜਾਵੇ, ਪਰ ਪ੍ਰੋਜੈਕਟ ਡਾਇਰੈਕਟਰ (ਮਿਸ ਨੀਲਮਾ ਆਈਏਐੱਸ) ਨੇ ਉਨ੍ਹਾਂ ਦੇ ਨਿਰਦੇਸਾਂ ਨੂੰ ਟਿੱਚ ਸਮਝਿਆ ਤੇ ਹਾਲੇ ਤੱਕ ਇਨ੍ਹਾਂ ਕਰਮਚਾਰੀਆਂ ਦੇ ਸਿਰ ਤਲਵਾਰ ਲਟਕ ਰਹੀ ਹੈ, ਕਿਉਂਕਿ ਲੰਬਾ ਸਮਾਂ ਨੌਕਰੀ ਕਰਨ ਉਪਰੰਤ ਓਵਰ ਏਜ ਹੋਣ ਕਾਰਨ ਇਹ ਕਿਤੇ ਹੋਰ ਨੌਕਰੀ ਕਰਨਯੋਗ ਵੀ ਨਹੀਂ ਰਹੇ।ਪੰਜਾਬ ਵਿੱਚ ਆਪ ਦੀ ਸਰਕਾਰ ਲਿਆਉਣ ਵਿੱਚ ਖਾਸ ਰੋਲ ਅਦਾ ਕਰਨ ਵਾਲੇ ਇਨ੍ਹਾਂ ਕਰਮਚਾਰੀਆਂ ਨੂੰ ਪੱਕੇ ਹੋਣ ਦੀ ਉਮੀਦ ਸੀ, ਪਰ ਹੁਣ ਇਹ ਆਪਣੀ ਮੌਜੂਦਾ ਕੰਟਰੈਕਟ ਅਧਾਰਤ ਨੌਕਰੀ ਬਚਾਉਣ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹਨ।ਐਸੋਸੀਏਸ਼ਨ ਨੇ ਅੱਜ ਹੰਗਾਮੀ ਮੀਟਿੰਗ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਵਿੱਚ ਨਿੱਜੀ ਦਖਲ ਦੇ ਕੇ ਉਕਤ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਅਪੀਲ ਕੀਤੀ ਅਤੇ 15 ਜਨਵਰੀ ਤੱਕ ਬਿਨਾਂ ਸ਼ਰਤ ਪੋਸਟਾਂ ਬਹਾਲ ਨਾ ਕਰਨ ਦੀ ਸੂਰਤ ਵਿੱਚ ਐੱਚਆਈਵੀ/ਏਡਜ਼ ਦੀਆਂ ਸਾਰੀਆਂ ਸੇਵਾਵਾਂ ਠੱਪ ਕਰਕੇ, ਜਿਸ ਵਿੱਚ ਏਡਜ਼ ਰੋਗੀਆਂ ਨੂੰ ਦਵਾਈਆਂ ਦੇਣਾ, ਨਸ਼ੇ ਦੇ ਮਰੀਜ਼ਾਂ ਨੂੰ ਓਐੱਸਟੀ ਵਿੱਚ ਦਵਾਈਆਂ ਦੇਣਾ, ਮੁਫਤ ਐੱਚਆਈਵੀ ਟੈਸਟ, ਗੁਪਤ ਰੋਗ ਤੇ ਬਲੱਡ ਸੈਂਟਰਾਂ ਵਿੱਚ ਤੈਨਾਤ ਕਰਮਚਾਰੀ ਆਪਣਾ ਕੰਮ ਮੁਕੰਮਲ ਠੱਪ ਕਰਕੇ 16 ਜਨਵਰੀ ਤੋਂ ਚੰਡੀਗੜ੍ਹ ਵਿਖੇ ਮੁੱਖ ਦਫ਼ਤਰ ਵਿਖੇ ਧਰਨਾ ਦੇਣ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਤੇ ਵਿਭਾਗਾਂ ਦੀ ਹੋਵੇਗੀ।

# ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਡੀ ਸੀ ਨੂੰ ਸੌਂਪਿਆ ਮੰਗ ਪੱਤਰ

## ਤੁਰੰਤ ਹੱਲ ਨਾ ਹੋਣ 'ਤੇ ਤਿੱਖਾ ਸੰਘਰਸ਼ ਵਿੱਢਣ ਦਾ ਐਲਾਨ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਵ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਉੱਪ-ਮੰਡਲ ਫਾਜ਼ਿਲਕਾ ਦੇ ਪਿੰਡ ਚੂਹੜੀਵਾਲਾ ਚਿਸਤੀ ਦੇ ਵਾਸੀਆਂ ਲਈ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਅੱਜ ਡਿਪਟੀ ਕਮਿਸ਼ਨਰ ਫਾਜ਼ਿਲਕਾ ਨੂੰ ਮੰਗ ਪੱਤਰ ਸੌਂਪਿਆ ਜਾਣਾ ਸੀ, ਪ੍ਰੰਤੂ ਦਫਤਰ ਵਿਖੇ ਡਿਪਟੀ ਕਮਿਸ਼ਨਰ ਦੇ ਨਾ ਹੋਣ 'ਤੇ ਉਨ੍ਹਾਂ ਮਨਜੀਤ ਸਿੰਘ ਔਲਖ ਨੂੰ ਮੰਗ ਪੱਤਰ ਸੌਂਪਿਆ ਗਿਆ। ਡੀ ਸੀ ਦਫਤਰ ਵਿਖੇ ਮੰਗ ਪੱਤਰ ਦੇਣ ਆਏ ਵਫਦ ਦੀ ਅਗਵਾਈ ਕਰ ਰਹੇ ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਢਾਬਾਂ, ਜ਼ਿਲ੍ਹਾ ਸਕੱਤਰ ਸ਼ੁਭੇਗ ਝੰਗੜਭੈਣੀ, ਪਿੰਡ ਚੂਹੜੀਵਾਲਾ ਦੇ ਪ੍ਰਧਾਨ ਸੋਨਾ ਸਿੰਘ, ਸਕੱਤਰ ਸਾਜਨ ਕੁਮਾਰ, ਏ.ਆਈ.ਐੱਸ.ਐੱਫ. ਦੇ ਆਗੂ ਗੁਰਪ੍ਰੀਤ ਜੰਡਵਾਲਾ ਨੇ ਮੰਗ ਪੱਤਰ ਦੇਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਰਕਾਰ ਇਸ ਪਿੰਡ 'ਚ ਪਾਣੀ ਦਾ ਪ੍ਰਬੰਧ ਨਹੀਂ ਕਰ ਸਕੀਆਂ, ਇਹ ਰਾਜਨੇਤਾਵਾਂ ਲਈ ਬਹੁਤ ਸ਼ਰਮ ਦੀ ਗੱਲ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਜਥੇਬੰਦੀਆਂ ਵੱਲੋਂ ਪਿੰਡ ਦਾ ਦੌਰਾ ਕਰਕੇ ਪਿੰਡ ਲੋਕਾਂ ਨਾਲ ਗੱਲਬਾਤ ਕਰਕੇ ਇਹ ਜਾਣਿਆ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਇਸ ਪਿੰਡ ਦੇ ਲੋਕ ਪੀਣਯੋਗ ਪਾਣੀ ਨਾ ਹੋਣ ਕਾਰਨ ਕਈ ਕਿਲੋਮੀਟਰ ਦੂਰੀ ਤੋਂ ਪਾਣੀ ਪੀਣ ਲਈ ਲੈ ਕੇ ਲਿਆਉਂਦੇ ਹਨ ਤੇ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਨ੍ਹਾਂ ਨਲਕਿਆਂ ਤੋਂ ਪਹਿਲਾਂ ਪੀਣ ਯੋਗ ਪਾਣੀ ਭਰਿਆ ਜਾਂਦਾ ਸੀ, ਹੁਣ ਉਨ੍ਹਾਂ ਦਾ ਵੀ ਪਾਣੀ ਪੀਣ ਯੋਗ ਨਹੀਂ ਰਿਹਾ। ਵਫਦ ਨੇ ਮੰਗ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਲਈ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਤੁਰੰਤ ਪ੍ਰਬੰਧ ਕੀਤਾ ਜਾਵੇ।

ਜਥੇਬੰਦੀਆਂ ਦੇ ਆਗੂਆਂ ਨੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਕਤ ਪਿੰਡ ਦੇ ਲੋਕਾਂ ਲਈ ਪੀਣ ਯੋਗ ਪਾਣੀ ਦਾ ਪ੍ਰਬੰਧ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਾਂ ਤੋਂ ਇਲਾਵਾ ਨੌਜਵਾਨ ਆਗੂ ਗੁਰਮੀਤ ਢਾਬਾਂ, ਕੁਲਦੀਪ ਬਖੂਸ਼ਾਹ, ਗਗਨਦੀਪ ਸਿੰਘ, ਪ੍ਰਿੰਸ, ਬੂਟਾ ਸਿੰਘ, ਗੁਰਦੇਵ ਸਿੰਘ, ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮਿੰਕੂ, ਜਸਪ੍ਰੀਤ ਸਿੰਘ, ਪਰਦੀਪ ਸਿੰਘ ਤੇ ਗੁਰਵਿੰਦਰ ਸਿੰਘ ਹਾਜ਼ਰ ਸਨ।

# ਸਰੰਡਰ ਨਾ ਕਰਨ ਦੇ ਦੋਸ਼ 'ਚ 2 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਵਾਲਾਤੀ ਨੂੰ ਜੇਲ੍ਹ ਦੀ ਅੰਤਰਿਮ ਜ਼ਮਾਨਤ ਖਤਮ ਹੋਣ 'ਤੇ ਸਰੈਂਡਰ ਨਾ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਸਮੇਤ ਅਣਪਛਾਤੇ ਵਿਅਕਤੀ 420, 465, 466, 467, 468, 471, 474, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਮੁੱਖ ਅਫਸਰ ਮੋਹਿਤ ਧਵਨ ਨੇ ਦੱਸਿਆ ਕਿ ਪੱਤਰ ਨੰਬਰ 2826 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 23 ਦਸੰਬਰ 2022 ਨੂੰ ਇਕ ਹਵਾਲਾਤੀ ਸੰਨੀ ਪੁੱਤਰ ਤਰਸੇਮ ਲਾਲ ਵਾਸੀ ਗੁਰੂ ਕੀ ਵਡਾਲੀ ਛੇਹਰਟਾ ਹਾਲ ਮਦਨ ਲਾਲ ਢੀਂਗਰਾ ਕਾਲੋਨੀ ਰਾਮ ਤੀਰਥ ਰੋਡ ਸ੍ਰੀ ਅੰਮ੍ਰਿਤਸਰ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ, ਜੋ ਇਸ ਜੇਲ੍ਹ ਵਿੱਚ ਬਤੌਰ ਹਵਾਲਾਤੀ 18 ਮਈ 2022 ਨੂੰ ਦਾਖਲ ਹੋਇਆ ਸੀ, ਨੂੰ ਜੇਲ੍ਹ ਦੀ ਸਰਕਾਰੀ ਈਮੇਲ ਆਈ ਡੀ 'ਤੇ ਪ੍ਰਾਪਤ ਹਾਈ ਕੋਰਟ ਦੇ ਆਰਡਰਾਂ ਦੀ ਪਾਲਣਾ ਕਰਕ ਹੋਏ ਇਸ ਨੂੰ 11 ਦਿਨ ਦੀ ਅੰਤਰਿਮ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ, ਪਰ ਉਕਤ ਹਵਾਲਾਤੀ ਨੇ 2 ਜਨਵਰੀ 2023 ਨੂੰ ਜੇਲ੍ਹ ਤੇ ਅੰਤਰਿਮ ਜ਼ਮਾਨਤ ਖਤਮ ਹੋਣ 'ਤੇ ਸਰੈਂਡਰ ਨਹੀਂ ਕੀਤਾ। ਇਸ ਸਬੰਧੀ ਮਾਣਯੋਗ ਟਰਾਇਲ ਕੋਰਟ ਨੂੰ 3 ਜਨਵਰੀ 2023 ਨੂੰ ਪੱਤਰ ਨੰਬਰ 2747 ਰਾਹੀਂ ਸੂਚਿਤ ਕੀਤਾ ਗਿਆ। ਇਸ ਸਬੰਧੀ ਮਾਣਯੋਗ ਟਰਾਇਲ ਕੋਰਟ ਵੱਲੋਂ ਹਵਾਲਾਤੀ ਵਰੰਟ ਦਫਤਰ ਤੇ ਤੈਨਾਤ ਕਰਮਚਾਰੀਆਂ ਵਾਰਡਰ ਮਨਜੀਤ ਸਿੰਘ ਨੰਬਰ 4642 ਤੇ ਵਾਰਡ ਗੁਰਭੇਜ ਸਿੰਘ ਨੰਬਰ 2707 ਨੂੰ 3 ਜਨਵਰੀ 2023 ਨੂੰ ਬੁਲਾਇਆ ਗਿਆ, ਜਿੱਥੇ ਇਹ ਪਤਾ ਲੱਗਾ ਕਿ ਉਕਤ ਹਵਾਲਾਤੀ ਦੀ ਅੰਤਰਿਮ ਜ਼ਮਾਨਤ ਦੇ ਆਰਡਰ ਕੋਰਟ ਵੱਲੋਂ ਨਹੀਂ ਜਾਰੀ ਕੀਤੇ ਗਏ ਸਨ। ਇਸ ਸਬੰਧੀ ਜੇਲ੍ਹ ਦੇ ਕਰਮਚਾਰੀਆਂ ਦੇ ਨਿਮਨਹਸਤਾਖਰੀ ਨੂੰ ਜਾਣੂ ਕਰਵਾਇਆ ਗਿਆ, ਜਿਸ ਉਪਰੰਤ ਉਕਤ ਹਵਾਲਾਤੀ ਦੀ ਅੰਤਰਿਮ ਜਮਾਨਤ ਦੇ ਆਰਡਰਾਂ ਦੀ ਈਮੇਲ ਆਈ ਡੀ ਨੂੰ ਵਾਚਿਆ ਗਿਆ ਜੋ ਕਿ ਪਾਇਆ ਗਿਆ ਜੋ ਕਿ ਫੇਕ ਜਾਪਦੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀ ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਕਾਤਰਾਂ

### ਮੋਟਰਸਾਈਕਲ ਠੇਲ੍ਹਾ ਦਰੱਖਤ ਨਾਲ ਟਕਰਾਇਆ, ਇੱਕ ਦੀ ਮੌਤ

**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸਿੰਘ ਸੋਢੀ)**-ਨਜ਼ਦੀਕੀ ਪਿੰਡ ਰਹੀਮੇ ਕੇ ਉਤਾੜ ਦੇ ਸਟੇਡੀਅਮ ਕੋਲ ਐਕਸੀਡੈਂਟ ਦੌਰਾਨ ਜ਼ਖਮੀ ਹੋਏ ਗੁਰਬਚਨ ਸਿੰਘ ਪੁੱਤਰ ਹੰਸਾ ਉਮਰ (45 ਸਾਲ) ਵਾਸੀ ਮੱਲਾ ਰਹੀਮੇ ਕੇ (ਸੱਦਰ ਕੇ) ਦੀ ਪੀ ਜੀ ਆਈ ਚੰਡੀਗੜ੍ਹ 'ਚ ਇਲਾਜ ਦੌਰਾਨ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਗੁਰਬਚਨ ਸਿੰਘ ਦੀ ਮੋਟਰਸਾਈਕਲ ਵਾਲੀ ਠੇਲ੍ਹੀ ਪਿੰਡ ਰਹੀਮੇ ਕੇ ਦੇ ਸਟੇਡੀਅਮ ਨਜ਼ਦੀਕ ਬੇਕਾਬੂ ਹੋ ਕੇ ਸੜਕ ਕਿਨਾਰੇ ਦਰੱਖਤ ਨਾਲ ਟਕਰਾ ਗਈ ਸੀ, ਜਿਸ ਕਾਰਨ ਸਖ਼ਤ ਜ਼ਖ਼ਮੀ ਹਾਲਤ ਵਿੱਚ ਗੁਰਬਚਨ ਸਿੰਘ ਨੂੰ ਇਲਾਜ ਵਾਸਤੇ ਪਹਿਲਾਂ ਫਿਰੋਜ਼ਪੁਰ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਨੂੰ ਦੇਖਦਿਆਂ ਹੋਇਆਂ ਡਾਕਟਰਾਂ ਵੱਲੋਂ ਉਸ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ ਸੀ, ਜਿੱਥੇ ਅੱਜ ਉਸ ਦੀ ਮੌਤ ਹੋ ਗਈ। ਗੁਰਬਚਨ ਸਿੰਘ ਮਮਦੋਟ ਵਿਖੇ ਆਪਣੀ ਮੋਟਰਸਾਈਕਲ ਵਾਲੀ ਜੁਗਾੜੂ ਠੇਲੀ ਤੇ ਸਬਜ਼ੀ ਵਗੈਰਾ ਵੇਚ ਕੇ ਆਪਣਾਂ ਪਰਿਵਾਰ ਪਾਲ ਰਿਹਾ ਸੀ।

### ਨਜਾਇਜ਼ ਸ਼ਰਾਬ ਤੇ ਲਾਹਣ ਸਣੇ ਕਾਬੂ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਤਪਾ ਪੁਲਸ ਨੇ ਛਾਪਾਮਾਰੀ ਕਰਕੇ ਮੁਲਜ਼ਮ ਨੂੰ ਕਾਬੂ ਕਰਕੇ ਉਸ ਦੇ ਘਰੋਂ 110 ਲੀਟਰ ਲਾਹਣ ਤੇ 60 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਥਾਣਾ ਮੁਖੀ ਨਿਰਮਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਐੱਸ.ਐੱਸ.ਪੀ. ਬਰਨਾਲਾ ਸ੍ਰੀ ਸੰਦੀਪ ਮਲਿਕ ਦੇ ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੌਰਾਨ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੂੰ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਕਿ ਪਿੰਡ ਦਰਾਕਾ ਦਾ ਬੁੱਧ ਸਿੰਘ ਘਰ ਦੀ ਰੂੜੀ-ਮਾਰਕਾ ਸ਼ਰਾਬ ਕੱਢ ਕੇ ਮਹਿੰਗੇ ਭਾਅ 'ਤੇ ਵੇਚਦਾ ਹੈ, ਜੇਕਰ ਇਸੇ ਸਮੇਂ ਛਾਪਾਮਾਰੀ ਕੀਤੀ ਜਾਵੇ ਤਾਂ ਉਸ ਦੇ ਘਰੋਂ ਵੱਡੀ ਮਾਤਰਾ 'ਚ ਸ਼ਰਾਬ ਬਰਾਮਦ ਹੋ ਸਕਦੀ ਹੈ ਤਾਂ ਪੁਲਸ ਨੇ ਛਾਪਾਮਾਰੀ ਕਰਕੇ ਮੁਲਜ਼ਮ ਨੂੰ ਕਾਬੂ ਕਰਕੇ ਉਸ ਦੇ ਘਰੋਂ 110 ਲੀਟਰ ਲਾਹਣ ਤੇ 60 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### 15 ਦੀ ਅਗਨੀਵੀਰ ਭਰਤੀ ਰੈਲੀ ਪ੍ਰੀਖਿਆ ਦੇ ਸਥਾਨ 'ਚ ਬਦਲਾਅ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਗਨੀਵੀਰ ਭਰਤੀ ਰੈਲੀ ਲਈ 15 ਜਨਵਰੀ 2023 ਨੂੰ ਫਿਰੋਜ਼ਪੁਰ ਛਾਉਣੀ ਵਿਖੇ ਹੋਣ ਵਾਲੀ ਸਾਂਝੀ ਪ੍ਰਵੇਸ਼ ਪ੍ਰੀਖਿਆ ਦੇ ਸਥਾਨ ਨੂੰ ਬਦਲ ਕੇ ਕੈਪਟਨ ਸੁੰਦਰ ਸਿੰਘ ਸਟੇਡੀਅਮ, ਫਿਰੋਜ਼ਪੁਰ ਛਾਉਣੀ ਕੀਤਾ ਗਿਆ ਹੈ।ਇਹ ਜਾਣਕਾਰੀ ਡਾਇਰੈਕਟਰ ਭਰਤੀ ਕਰਨਲ ਸੌਰਭ ਚਰਨ ਨੇ ਦਿੱਤੀ।ਉਨ੍ਹਾਂ ਕਿਹਾ ਕਿ ਉਮੀਦਵਾਰਾਂ ਲਈ ਅਗਨੀਵੀਰ ਭਰਤੀ ਰੈਲੀ ਲਈ ਸਾਂਝੀ ਪ੍ਰਵੇਸ਼ ਪ੍ਰੀਖਿਆ ਹੁਣ ਆਰਮੀ ਪਬਲਿਕ ਸਕੂਲ ਫਿਰੋਜ਼ਪੁਰ ਦੀ ਬਜਾਏ ਕੈਪਟਨ ਸੁੰਦਰ ਸਿੰਘ ਸਟੇਡੀਅਮ ਫਿਰੋਜ

page-6-10 Jan-2023-(SM).qxd 1/9/2023 10:58 PM Page 1



# ਲੋਕਾਂ ਦੇ ਦਰਦ ਦੀ ਹਮਰਾਹੀ 108 ਐਂਬੂਲੈਂਸ ਨੂੰ ਲੱਗ ਸਕਦੀਆਂ ਨੇ ਬ੍ਰੇਕਾਂ

ਚੰਡੀਗੜ੍ਹ ( ਗੁਰਜੀਤ ਬਿੱਲਾ ): ਐਮਰਜੈਂਸੀ ਹਾਲਤਾਂ ਵਿੱਚ ਮਰੀਜਾਂ ਨੂੰ ਸਿਹਤ ਕੇਂਦਰਾਂ ਤੱਕ ਪੁੱਜਦਾ ਕਰਨ ਵਾਲੀ 108 ਐਂਬੂਲੈਂਸ ਸੇਵਾ ਸਰਕਾਰੀ ਨੀਤੀਆਂ ਤੋਂ ਪ੍ਰੇਸ਼ਾਨ ਹੋ ਕੇ ਬੰਦ ਹੋਣ ਦੀ ਸਥਿਤੀ ਵਿੱਚ ਪੁੱਜ ਗਈ ਹੈ।ਇਸ ਸਬੰਧੀ 108 ਐਂਬੂਲੈਂਸ ਇੰਪਲਾਈਜ਼ ਯੂਨੀਅਨ ਦਾ ਦੋਸ਼ ਹੈ ਕਿ ਸਰਕਾਰ ਨੇ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਹਰ ਵੇਲੇ ਅਣਗੌਲਿਆਂ ਕੀਤਾ ਹੈ, ਜਿਸ ਕਾਰਨ ਮਜ਼ਬੂਰ ਹੋ ਕੇ ਉਹ ਸਖਤ ਕਦਮ ਚੁੱਕਣ ਜਾ ਰਹੇ ਹਨ। ਯੂਨੀਅਨ ਦੇ ਪ੍ਰਧਾਨ ਮਨਪ੍ਰੀਤ ਸਿੰਘ ਨਿੱਜਰ ਨੇ ਸਥਾਨਕ ਪ੍ਰੈਸ ਕਲੱਬ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਮੰਗ ਕਰਦੇ ਆ ਰਹੇ ਹਨ ਕਿ ਸਰਕਾਰ ਉਨ੍ਹਾਂ ਦੀਆਂ ਸੇਵਾਵਾਂ ਨੂੰ ਆਪਣੇ ਅਧੀਨ ਲਵੇ ਪਰ ਹਾਲੇ ਤੱਕ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ 2013 ਤੋਂ ਉਨ੍ਹਾਂ ਦਾ ਇੰਕਰੀਮੈਂਟ ਰੁਕਿਆ ਪਿਆ ਹੈ ਜਿਸ ਦੀ ਅਦਾਇਗੀ ਕਰਨ ਵਿੱਚ ਵੀ ਸਰਕਾਰ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਕਿ ਨਿਯੁਕਤੀ ਸਮੇਂ ਫੈਸਲਾ ਕੀਤਾ ਗਿਆ ਸੀ ਕਿ 108 ਕਰਮਚਾਰੀਆਂ ਦੀ ਬਦਲੀ ਦੂਰ ਦੁਰਾਡੇ ਨਹੀਂ ਕੀਤੀ ਜਾਵੇਗੀ ਪਰ ਹੁਣ ਸਰਕਾਰ 200 ਤੋਂ 300 ਕਿੱਲੋਮੀਟਰ ਤੱਕ ਸਟਾਫ ਦੀ ਬਦਲੀ ਕਰ ਰਹੀ ਹੈ। ਜਿਸ ਕਾਰਨ ਉਨ੍ਹਾਂ ਦੀ ਜ਼ਿੰਦਗੀ ਆਰਥਿਤ ਅਤੇ ਸਮਾਜਿਕ ਰੂਪ ਵਿੱਚ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ 108 ਸਟਾਫ ਦਾ ਮੈਡੀਕਲ ਦੁਰਘਟਨਾ ਬੀਮਾਂ ਕਰਵਾਇਆ ਜਾਵੇ ਅਤੇ ਕੋਵਿਡ ਦੇ ਸਮੇਂ ਦੌਰਾਨ ਬੰਦ ਕੀਤੀਆਂ ਛੁੱਟੀਆਂ ਮੁੜ ਬਹਾਲ ਕੀਤੀਆਂ ਜਾਣ। ਉਨ੍ਹਾਂ ਮੰਗ ਕੀਤੀ ਕਿ ਆਪਣੇ ਹੱਕਾ ਲਈ ਆਵਾਜ ਉਠਾਉਣ ਵਾਲੇ ਕਰਮਚਾਰੀਆਂ ਨੂੰ ਬਰਖਾਸਤ ਕੀਤਾ ਗਿਆ ਸੀ ਉਨ੍ਹਾਂ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ ਅਤੇ ਨਿਯਮਾਂ ਮੁਤਾਬਕ ਐਂਬੂਲੈਂਸ ਦੇ ਡਰਾਈਵਰ ਤੋਂ 12 ਦੀ ਬਜਾਏ 8 ਘੰਟੇ ਦੀ ਡਿਊਟੀ ਲਈ ਜਾਵੇ। ਇਸ ਮੌਕੇ ਯੂਨੀਅਨ ਦੇ ਹੱਕ ਵਿੱਚ ਆਈ ਰਾਸ਼ਟਰੀ ਭਗਵਾਂ ਸੈਨਾ ਦੇ ਕੌਮੀ ਪ੍ਰਧਾਨ ਪੰਕਜ਼ ਦਵੇਸਰ ਅਤੇ ਚੇਅਰਮੈਨ ਸੰਤੋਕ ਸੁਖ ਸਮੇਤ ਬਾਲਮੀਕ ਸਮਾਜ ਦੇ ਗੁਰੂ ਨਕੱਸ਼ਤਰ ਨਾਥ ਨੇ ਕਿਹਾ ਕਿ ਉਹ ਸਰਕਾਰ ਨੂੰ 72 ਘੰਟੇ ਦਾ ਅਲਟੀਮੇਟਮ ਦਿੰਦੇ ਹਨ, ਜੇਕਰ ਫਿਰ ਵੀ ਸਰਕਾਰ ਨੇ 108 ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਮਜ਼ਬੂਰਨ 108 ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਮੰਗ ਕੀਤੀ ਕਿ 108 ਸਟਾਫ ਨੂੰ ਕੰਪਨੀ ਦੇ ਠੇਕੇ ਰੱਦ ਕਰਕੇ ਸਰਕਾਰ ਤੁਰੰਤ ਆਪਣੇ ਅਧੀਨ ਲਵੇ ਤਾਂ ਜੋ ਲੋਕਾਂ ਨੂੰ ਐਮਰਜੈਂਸੀ ਸਹਾਇਤਾ ਦੇਣ ਵਾਲੇ ਇਸ ਸਟਾਫ ਦਾ ਭਵਿੱਖ ਸੁਰੱਖਿਅਤ ਰਹਿ ਸਕੇ।

## ਇੰਜੀ. ਜਤਿੰਦਰ ਸ਼ਰਮਾ ਨੇ ਚਾਰਜ ਸੰਭਾਲਿਆ

ਗੁਰਦਾਸਪੁਰ (ਜਨਕ ਮਹਾਜਨ)-ਪਾਵਰਕਾਮ ਦੀ ਸਬ-ਡਵੀਜ਼ਨ ਪੁਰਾਣਾ ਸ਼ਾਲਾ ਦਾ ਬਤੌਰ ਉਪ ਮੰਡਲ ਅਫਸਰ ਇੰਜੀ. ਜਤਿੰਦਰ ਸ਼ਰਮਾ ਨੇ ਚਾਰਜ ਸੰਭਾਲ ਕੇ ਦਫਤਰੀ ਕੰਮਕਾਜ ਸ਼ੁਰੂ ਕਰ ਦਿੱਤਾ ਹੈ। ਚਾਰਜ ਸੰਭਾਲਣ ਤੋਂ ਬਾਅਦ ਦਫਤਰੀ ਸਟਾਫ ਤੇ ਸਮੂਹ ਹਲਕਾ ਜੇਈ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਸਮੇਂ ਸਿਰ ਡਿਊਟੀ 'ਤੇ ਆਉਣ ਦੀ ਹਦਾਇਤ ਕਰਨ ਦੇ ਨਾਲ ਖਪਤਕਾਰਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਬਿਜਲੀ ਬੋਰਡ ਨੂੰ ਹਰ ਤਰ੍ਹਾਂ ਸਹਿਯੋਗ ਦੇਣ ਅਤੇ ਕੋਈ ਵੀ ਮੁਸ਼ਕਿਲ ਹੋਣ 'ਤੇ ਖਪਤਕਾਰ ਮੈਨੂੰ ਸਿੱਧੇ ਤੌਰ 'ਤੇ ਮਿਲ ਕੇ ਹੱਲ ਕਰਵਾ ਸਕਦੇ ਹਨ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਸਾਬਕਾ ਵਿੱਤ ਸਕੱਤਰ ਟੀਐੱਸਯੂ ਸੁਰਿੰਦਰ ਪੱਪੂ, ਇੰਜੀ. ਮਲਕੀਤ ਸਿੰਘ, ਇੰਜੀ. ਕੁਲਜੀਤ ਪਾਲ, ਇੰਜੀ. ਸਰਵਨ ਸਿੰਘ, ਲਖਵਿੰਦਰ ਸਿੰਘ, ਟੀਐੱਸਯੂ ਪ੍ਰਧਾਨ ਹਰਜਿੰਦਰ ਕੌਰ, ਸਖਵਿੰਦਰ ਕੌਰ, ਵਿਜੇ ਕੁਮਾਰੀ, ਅਨੂਪ ਕੁਮਾਰ ਤੋਂ ਇਲਾਵਾ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

## ਨਵੀਂ ਖੇਡ ਨੀਤੀ 'ਚ ਪੈਰਾ ਖਿਡਾਰੀਆਂ ਨੂੰ ਦਿੱਤੀ ਜਾਵੇਗੀ ਵਿਸ਼ੇਸ਼ ਤਵੱਜੋਂ: ਮੀਤ ਹੇਅਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਡ ਵਿਭਾਗ ਵੱਲੋਂ ਬਣਾਈ ਜਾ ਰਹੀ ਨਵੀਂ ਖੇਡ ਨੀਤੀ ਵਿੱਚ ਪੈਰਾ ਖਿਡਾਰੀਆਂ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਜਾਵੇਗੀ। ਇਹ ਗੱਲ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਆਪਣੀ ਸਰਕਾਰੀ ਰਿਹਾਇਸ ਵਿਖੇ ਪੈਰਾਲੰਪਿਕ ਮੈਡਲਿਸਟ ਤੇ ਭਾਰਤੀ ਪੈਰਾ ਪਾਵਰਲਿਫਟਿੰਗ ਕੋਚ ਰਾਜਿੰਦਰ ਸਿੰਘ ਰਹੇਲੂ ਅਤੇ ਹਾਲ ਹੀ ਵਿੱਚ ਵਿਸਵ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੇ ਪਰਮਜੀਤ ਕੁਮਾਰ ਨਾਲ ਮੀਟਿੰਗ ਦੌਰਾਨ ਕਹੀ। ਮੀਤ ਹੇਅਰ ਨੇ ਪਰਮਜੀਤ ਕੁਮਾਰ ਨੂੰ ਹਾਲ ਹੀ ਵਿੱਚ ਦੁਬਈ ਵਿਖੇ ਵਿਸਵ ਚੈਂਪੀਅਨਸ਼ਿਪ ਵਿੱਚ ਤਮਗਾ ਜਿੱਤਣ ਲਈ ਮੁਬਾਰਕਬਾਦ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਉਹ ਇਸ ਸਾਲ ਹੋਣ ਵਾਲੀਆਂ ਪੈਰਾ ਏਸ਼ੀਆਈ ਖੇਡਾਂ ਤੇ ਅਗਲੇ ਸਾਲ ਹੋਣ ਵਾਲੀਆਂ ਪੈਰਾਲੰਪਿਕ ਖੇਡਾਂ ਵਿੱਚ ਵੀ ਦੇਸ ਦਾ ਨਾਂਅ ਰੌਸਨ ਕਰਨਗੇ। ਖੇਡ ਮੰਤਰੀ ਨੇ ਨਵੀਂ ਬਣਾਈ ਜਾ ਰਹੀ ਖੇਡ ਨੀਤੀ ਵਿੱਚ ਪੈਰਾ ਖਿਡਾਰੀਆਂ ਨੂੰ ਵਿਸ਼ੇਸ਼ ਤਰਜੀਹ ਦੇਣ ਲਈ ਹੀ ਭਾਰਤ ਦੇ ਨਾਮੀਂ ਪੈਰਾ ਖਿਡਾਰੀਆਂ ਤੋਂ ਫੀਡਬੈਕ ਲੈਣ ਲਈ ਹੀ ਇਹ ਮੀਟਿੰਗ ਰੱਖੀ ਸੀ। ਖੇਡ ਮੰਤਰੀ ਨੇ ਦੋਵੇਂ ਖਿਡਾਰੀਆਂ ਨੂੰ ਦੱਸਿਆ ਕਿ ਵਿਭਾਗ ਵੱਲੋਂ ਬਣਾਈ ਜਾ ਰਹੀ ਨਵੀਂ ਨੀਤੀ ਵਿੱਚ ਪੈਰਾ ਖਿਡਾਰੀਆਂ ਨੂੰ ਪੂਰੀ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਹਾਲਾਤਾਂ ਦੇ ਉਲਟ ਜਾ ਕੇ ਉਨ੍ਹਾਂ ਵੱਲੋਂ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਦੇਸ਼ ਦਾ ਨਾਂਅ ਚਮਕਾਇਆ ਜਾਂਦਾ ਹੈ। ਨਗਦ ਇਨਾਮ ਲਈ ਪੈਰਾ ਖੇਡਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਵਰ ਲਿਫਟਰਾਂ ਨੂੰ ਕਿਹਾ ਕਿ ਉਨ੍ਹਾਂ ਦੇ ਸੁਝਾਵਾਂ ਦਾ ਸਵਾਗਤ ਹੈ ਅਤੇ ਉਨ੍ਹਾਂ ਦੇ ਸੁਝਾਅ ਖੇਡ ਨੀਤੀ ਵਿੱਚ ਸ਼ਾਮਲ ਕੀਤੇ ਜਾਣਗੇ। ਇਸ ਮੌਕੇ ਖੇਡ ਮੰਤਰੀ ਨੇ ਪੈਰਾ ਖਿਡਾਰੀਆਂ ਸੰਬੰਧੀ ਉਠਾਈਆਂ ਮੰਗਾਂ ਉੱਤੇ ਤੁਰੰਤ ਗੌਰ ਕਰ ਕੇ ਇਸ ਦੇ ਹੱਲ ਦਾ ਭਰੋਸਾ ਦਿੱਤਾ।

## 'ਚਾਨਣ ਮੁਨਾਰਾ' ਜਾਗਰੂਕਤਾ ਮੁਹਿੰਮ ਤਹਿਤ ਲਗਾਇਆ ਵਿਸ਼ੇਸ਼ ਕੈਂਪ

**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਹਰ ਘਰ ਤੱਕ ਕਾਨੂੰਨੀ ਸਾਖਰਤਾ ਪਹੁੰਚਾਉਣ ਲਈ ਚਲਾਈ ਜਾ ਰਹੀ 'ਚਾਨਣ ਮੁਨਾਰਾ' ਜਾਗਰੂਕਤਾ ਮੁਹਿੰਮ ਤਹਿਤ ਬਲਾਕ ਦੀਨਾ ਨਗਰ ਦੇ ਪਿੰਡ ਈਸਾਪੁਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਿਸ਼ੇਸ਼ ਲੀਗਲ ਸਰਵਿਸਜ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਮੈਡਮ ਨਵਦੀਪ ਕੌਰ ਗਿੱਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਕੁੱਲ 11 ਹੈਲਪ ਡੈਸਕ ਲਗਾਏ ਗਏ, ਜਿਨ੍ਹਾ ਵਿੱਚ ਮਗਨਰੇਗਾ, ਬੀ.ਪੀ.ਐਲ. ਕਾਰਡ, ਵੋਟਰ ਕਾਰਡ, ਅਧਾਰ ਕਾਰਡ, ਰਾਸ਼ਨ ਕਾਰਡ (ਸੋਧ), ਬੈਂਕਾਂ ਸਬੰਧੀ ਸੇਵਾਵਾਂ, ਐਲ.ਪੀ.ਜੀ. ਗੈਸ ਕੁਨੈਕਸ਼ਨ, ਬੁਢਾਪਾ ਪੈਨਸ਼ਨ ਤੇ ਵਿਧਵਾ ਪੈਨਸ਼ਨ, ਸਗਨ ਸਕੀਮ, ਲੇਬਰ ਕਾਰਡ ਅਤੇ ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਕਾਨੂੰਨੀ ਸਾਖਰਤਾ ਦਾ ਸਟਾਲ ਸ਼ਾਮਲ ਸੀ। ਇਸ ਲੀਗਲ ਸਰਵਿਸਜ਼ ਕੈਂਪ ਵਿੱਚ ਦਫਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੇ ਪੈਨਲ ਐਡਵੋਕੇਟਜ ਅਤੇ ਪੀ.ਐਲ.ਵੀਜ ਵੀ ਮੌਜੂਦ ਸਨ, ਜਿਨ੍ਹਾਂ ਦੁਆਰਾ ਪੰਜਾਬ ਲੀਗਲ ਸਰਵਿਸਿਜ ਅਥਾਰਟੀ, ਐਸ.ਏ.ਐਸ. ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਜਿਵੇਂ ਕਿ ਜਨ ਉਪਯੋਗੀ ਸੇਵਾਵਾਂ, ਨਾਲਸਾ ਦੀਆਂ ਵੱਖ-ਵੱਖ ਸਕੀਮਾਂ ਅਤੇ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਪੰਫਲੈਟ ਵੀ ਵੰਡੇ ਗਏ।

ਇਸ ਲੀਗਲ ਸਰਵਿਸਜ ਕੈਂਪ ਵਿੱਚ ਪਿੰਡ ਦੇ ਲਗਭਗ 155 ਲੋਕਾਂ ਨੇ ਹਿੱਸਾ ਲਿਆ ਅਤੇ ਇਹਨਾਂ ਸਕੀਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਇਹਨਾਂ ਸਕੀਮਾਂ ਦਾ ਲਾਭ ਲਿਆ।

## ਕੌਮੀ ਕਿਸਾਨ ਯੂਨੀਅਨ ਦੀ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਕੌਮੀ ਕਿਸਾਨ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਰੁਪਿੰਦਰ ਸਿੰਘ ਡੋਹਕ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਕੱਲ੍ਹ ਦੁਕਾਨਦਾਰ ਯੂਰੀਆ ਖਾਦ ਵਿੱਚ ਕਿਸਾਨਾਂ ਦੀ ਲੁੱਟ ਖਸੁੱਟ ਕਰ ਰਹੇ ਹਨ। ਯੂਰੀਆ ਦੇ ਨਾਲ ਸਮਾਨ ਦੇ ਕੇ ਕਿਸਾਨਾਂ ਨੂੰ ਲੁੱਟਿਆ ਜਾ ਰਿਹਾ ਹੈ। ਉਸ ਸਬੰਧੀ ਕੋਈ ਵੀ ਦੁਕਾਨਦਾਰ ਯੂਰੀਆ ਨਾਲ ਕੁਝ ਵੀ ਦਿੰਦਾ ਫੜਿਆ ਜਾਂਦਾ ਹੈ ਤਾਂ ਉਸ ਉਪਰ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ੀਰਾ ਫੈਕਟਰੀ ਜੋ ਕਿ ਕਾਫ਼ੀ ਪ੍ਰਦੂਸ਼ਣ ਫੈਲਾ ਰਹੀ ਹੈ, ਉਸਨੂੰ ਬੰਦ ਕਰਵਾਉਣ ਲਈ ਸਬੰਧੀ ਕੌਮੀ ਕਿਸਾਨ ਯੂਨੀਅਨ ਸੰਯੁਕਤ ਮੋਰਚੇ ਦੇ ਨਾਲ ਖੜੀ ਹੈ। ਉਸ ਫੈਕਟਰੀ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ, ਜੇਕਰ ਸਰਕਾਰ ਆਨਾਕਾਨੀ ਕਰਦੀ ਹੈ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਉਹਨਾਂ ਮੰਗ ਕੀਤੀ ਹੈ ਕਿ ਪਿਛਲੇ ਸਮੇਂ ਦਿੱਲੀ ਅੰਦੋਲਨ ਚਲਦਿਆਂ ਕਿਸਾਨਾਂ ਉਪਰ ਨਜਾਇਜ਼ ਪਰਚੇ ਕੀਤੇ ਸਨ, ਸਰਕਾਰ ਨੇ ਮੰਨਿਆ ਵੀਸੀ ਕਿ ਸਾਰੇ ਪਰਚੇ ਰੱਦ ਕੀਤੇ ਜਾਣਗੇ, ਪ੍ਰੰਤੂ ਅੱਜ ਤੱਕ ਕੋਈ ਵੀ ਪਰਚਾ ਰੱਦ ਨਹੀਂ ਕੀਤਾ ਗਿਆ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪਰਚੇ ਰੱਦ ਨਾ ਕੀਤੇ ਗਏ ਤਾਂ ਉਹ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ। ਇਸ ਮੌਕੇ ਜਸਕਰਨ ਸਿੰਘ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ, ਹਰਦੀਪ ਸਿੰਘ, ਜਸਪਾਲ ਸਿੰਘ, ਗੁਰਸਾਹਬਿ ਸਿੰਘ, ਜਗਮੋਹਨ ਸਿੰਘ, ਹਰਿਦਰ ਸਿੰਘ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਵੱਲੋਂ ਸ਼ਹੀਦ ਕਾਂਸਟੇਬਲ ਕੁਲਦੀਪ ਬਾਜਵਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਸ ਦੇ ਕਾਂਸਟੇਬਲ ਕੁਲਦੀਪ ਸਿੰਘ ਬਾਜਵਾ, ਜਿਸ ਨੇ ਫਗਵਾੜਾ ਵਿੱਚ ਆਪਣੀ ਡਿਊਟੀ ਨਿਭਾਉਂਦਿਆਂ ਸ਼ਹਾਦਤ ਦਿੱਤੀ, ਦੀ ਦੇਸ਼ ਲਈ ਮਹਾਨ ਕੁਰਬਾਨੀ ਦੇ ਸਤਿਕਾਰ ਵਜੋਂ ਉਸ ਦੇ ਪਰਵਾਰ ਨੂੰ ਦੋ ਕਰੋੜ ਰੁਪਏ ਦੇਣ ਦੇ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਸਟੇਬਲ ਕੁਲਦੀਪ ਬਾਜਵਾ ਨੇ ਫਗਵਾੜਾ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਂਦਿਆਂ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਦੋ ਕਰੋੜ ਰੁਪਏ ਵਿੱਚੋਂ ਇਕ ਕਰੋੜ ਰੁਪਏ ਸੂਬਾ ਸਰਕਾਰ ਵੱਲੋਂ ਐਕਸ-ਗ੍ਰੇਸ਼ੀਆ ਵਜੋਂ ਦਿੱਤੇ ਜਾਣਗੇ, ਜਦੋਂ ਕਿ ਇਕ ਕਰੋੜ ਰੁਪਏ ਬੀਮੇ ਦੇ ਰੂਪ ਵਿੱਚ ਐਚ.ਡੀ.ਐਫ.ਸੀ. ਬੈਂਕ ਵਜੋਂ ਦਿੱਤੇ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ ਇਹ ਰਾਸ਼ੀ ਸ਼ਹੀਦ ਵੱਲੋਂ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਦਿੱਤੀ ਕੁਰਬਾਨੀ ਦੇ ਸਤਿਕਾਰ ਵਜੋਂ ਦਿੱਤੀ ਜਾਵੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਦੁਹਰਾਇਆ ਕਿ ਮਾਤ-ਭੂਮੀ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਸੈਨਿਕਾਂ ਦੇ ਪਰਵਾਰਾਂ ਦੀ ਮਦਦ ਕਰਨਾ ਸੂਬਾ ਸਰਕਾਰ ਦਾ ਫ਼ਰਜ਼ ਬਣਦਾ ਹੈ।

## 'ਭਾਰਤ ਜੋੜੋ' ਯਾਤਰਾ ਦੇ ਪ੍ਰਚਾਰ 'ਚ ਜੁਟੇ ਕਾਂਗਰਸੀ ਆਗੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** - 'ਭਾਰਤ ਜੋੜੋ' ਯਾਤਰਾ ਦੇ ਪ੍ਰਚਾਰ ਲਈ ਮਾਛੀਵਾੜਾ ਬਲਾਕ ਕਾਂਗਰਸ ਦੇ ਆਗੂ ਜੁਟੇ ਦਿਖਾਈ ਦੇ ਰਹੇ ਹਨ ਜਿਸ ਤਹਿਤ ਉਹ ਸ਼ਹਿਰ ਦੇ ਵਾਰਡਾਂ ਅਤੇ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਲਾਮਬੰਦ ਕਰ ਰਹੇ ਹਨ। ਇਸ ਮੌਕੇ ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕੁਲਵਿੰਦਰ ਸਿੰਘ ਮਾਣੇਵਾਲ ਨੇ ਦੱਸਿਆ ਕਿ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਤੋਂ ਇਲਾਵਾ ਆਮ ਲੋਕਾਂ ਵਿਚ ਰਾਹੁਲ ਗਾਂਧੀ ਦੀ ਇਸ ਯਾਤਰਾ ਲਈ ਭਾਰੀ ਉਤਸ਼ਾਹ ਦਿਖਾਈ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ 11 ਜਨਵਰੀ ਨੂੰ ਸਵੇਰੇ 11.30 ਵਜੇ ਕਾਂਗਰਸੀ ਸਮਰਥਕਾਂ ਤੇ ਵਰਕਰਾਂ ਦਾ ਜੱਥਾ ਖੰਨਾ ਜੀ.ਟੀ. ਰੋਡ ਲਈ ਰਵਾਨਾ ਹੋਵੇਗਾ ਜਿੱਥੇ ਉਹ ਰਾਹੁਲ ਗਾਂਧੀ ਦਾ ਸਵਾਗਤ ਕਰਨਗੇ।

ਅੱਜ ਕਾਂਗਰਸੀ ਆਗੂਆਂ ਵਲੋਂ ਸ਼ਹਿਰ ਵਿਚ ਭਾਰਤ ਜੋੜੋ ਯਾਤਰਾ ਸਬੰਧੀ ਪ੍ਰਚਾਰ ਸਮੱਗਰੀ ਵੀ ਵੰਡੀ ਗਈ ਅਤ

10-JAN-PAGE-7.qxd 1/9/2023 10:37 PM Page 1



# ਨੀਲੋਂ ਅੱਡੇ 'ਤੇ ਬੱਸਾਂ ਨਾ ਰੁਕਣ ਕਾਰਨ ਇਲਾਕੇ ਦੇ ਲੋਕ ਪ੍ਰੇਸ਼ਾਨ

**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਸੁਪਿੰਦਰ ਸਿੰਘ ਬੱਗਾ ਦੀ ਅਗਵਾਈ ਵਿੱਚ ਨੀਲੋਂ ਪੁਲ ਬੱਸ ਸਟੈਂਡ ਨਾਲ ਸੰਬੰਧਤ ਲੋਕਾਂ ਦਾ ਇੱਕ ਵਫਦ ਡੀ ਸੀ ਲੁਧਿਆਣਾ ਨੂੰ ਮਿਲਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਨਵੇਂ ਬਣੇ ਫਲਾਈ ਓਵਰ ਉੱਤੋਂ ਦੀ ਲੰਘ ਜਾਂਦੀਆਂ ਹਨ, ਜਦਕਿ ਫਲਾਈ ਓਵਰ ਦੇ ਥੱਲੇ ਪਹਿਲਾਂ ਤੋਂ ਬਣੇ ਬੱਸ ਅੱਡੇ 'ਤੇ ਖੜੇ ਲੋਕਾਂ ਨੂੰ ਬੱਸਾਂ ਹੀ ਨਹੀਂ ਮਿਲਦੀਆਂ, ਜਿਸ ਕਰਕੇ ਉਨ੍ਹਾਂ ਨੂੰ ਘੰਟਿਆਂ-ਬੱਧੀ ਬੱਸ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨੀਲੋਂ ਪੁਲ (ਲੁਧਿਆਣਾ) ਦੇ ਬੱਸ ਅੱਡੇ ਉੱਪਰ ਪੰਜਾਬ ਰੋਡਵੇਜ਼ ਤੇ ਕੋਈ ਵੀ ਪ੍ਰਾਈਵੇਟ ਬੱਸ ਨਾ ਰੁਕਣ ਕਾਰਨ ਆਮ ਲੋਕਾਂ ਨੂੰ ਆਪਣੇ ਰੋਜ਼ਮਰ੍ਹਾ ਦੇ ਕੰਮ-ਕਾਜ ਕਰਨ ਵਿੱਚ ਬਹੁਤ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੁਪਿੰਦਰ ਸਿੰਘ ਬੱਗਾ ਨੇ ਅੱਗੇ ਦੱਸਿਆ ਕਿ ਲੁਧਿਆਣਾ ਤੋਂ ਸਮਰਾਲਾ ਰੋਡ ਉੱਪਰ ਸਥਿਤ ਨੀਲੋਂ ਪੁਲ ਬੱਸ ਅੱਡੇ 'ਤੇ ਕੋਈ ਵੀ ਬੱਸ ਨਾ ਰੁਕਣ ਕਾਰਨ 10 ਦੇ ਕਰੀਬ ਪਿੰਡਾਂ ਦੇ ਲੋਕ ਇਸ ਸਮੱਸਿਆ ਨਾਲ ਜੂਝ ਰਹੇ ਹਨ। ਉਨ੍ਹਾ ਦੱਸਿਆ ਕਿ ਪ੍ਰਾਈਵੇਟ ਤੇ ਰੋਡਵੇਜ਼ ਦੇ ਬੱਸ ਕੰਡਕਟਰਾਂ ਵੱਲੋਂ ਨੀਲੋਂ ਪੁਲ ਦੇ ਬੱਸ ਸਟਾਪ 'ਤੇ ਕੋਈ ਵੀ ਬੱਸ ਨਹੀਂ ਰੋਕੀ ਜਾ ਰਹੀ ਅਤੇ ਪਹਿਲਾਂ ਹੀ ਬੱਸ ਵਿੱਚ ਸਵਾਰ ਹੋਣ ਸਮੇਂ ਸਵਾਰੀਆਂ ਨੂੰ ਨੀਲੋਂ ਪੁਲ ਬੱਸ ਅੱਡੇ 'ਤੇ ਬੱਸ ਰੋਕਣ ਤੋਂ ਮਨ੍ਹਾਂ ਕਰਕੇ ਬੱਸ ਵਿੱਚ ਬੈਠਣ ਤੋਂ ਰੋਕਿਆ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਵਿਦਿਆਰਥੀਆਂ, ਕੰਮ-ਕਾਜੀ ਮਰਦ, ਔਰਤਾਂ ਤੇ ਆਮ ਯਾਤਰੀਆਂ ਨੂੰ ਆਪਣੀਆਂ ਮੰਜ਼ਿਲਾਂ ਉੱਪਰ ਸਮੇਂ ਸਿਰ ਪਹੁੰਚਣ ਲਈ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਹ ਸਮੇਂ ਸਿਰ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਪਾਉਂਦੇ ਹਨ। ਇਸ ਸਮੱਸਿਆ ਦੇ ਹੱਲ ਲਈ ਸੰਬੰਧਤ ਪਿੰਡਾਂ ਵੱਲੋਂ ਡੀ ਸੀ ਲੁਧਿਆਣਾ ਤੇ ਜੀ ਐੱਮ ਰੋਡਵੇਜ਼ ਲੁਧਿਆਣਾ ਕੋਲ ਪਹਿਲਾਂ ਵੀ ਇਸ ਸੰਬੰਧੀ ਇੱਕ ਮੰਗ ਪੱਤਰ ਦਿੱਤਾ ਗਿਆ ਸੀ, ਪਰ ਉਸ ਉੱਪਰ ਕੋਈ ਵੀ ਕਾਰਵਾਈ ਨਾ ਹੋਣ ਕਰਕੇ ਸਥਿਤੀ ਅੱਜ ਤੱਕ ਜਿਓਂ ਦੀ ਤਿਓਂ ਹੈ। ਉਨ੍ਹਾ ਕਿਹਾ ਕਿ ਅੱਜ ਫੇਰ ਤੋਂ ਉਨ੍ਹਾਂ ਵੱਲੋਂ ਇਸ ਸਬੰਧੀ ਡੀ ਸੀ ਲੁਧਿਆਣਾ ਨੂੰ ਮਿਲਿਆ ਗਿਆ ਹੈ ਤੇ ਜੇਕਰ ਇਸ ਤੋਂ ਬਾਅਦ ਵੀ ਸਥਿਤੀ ਜਿਓਂ ਦੀ ਰਹਿੰਦੀ ਹੈ ਤਾਂ ਫੇਰ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਆਪਣੇ ਲੋਕਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਸੰਘਰਸ਼ ਵਿੱਢਣ ਲਈ ਮਜਬੂਰੀ ਹੋਵੇਗੀ। ਇਸ ਮੌਕੇ ਉਨ੍ਹਾ ਨਾਲ ਗੁਰਦੀਪ ਸਿੰਘ ਬਰਮਾਂ, ਹਰਦੀਪ ਸਿੰਘ ਰਾਣਵਾਂ, ਮਲਕੀਤ ਸਿੰਘ ਘੁਲਾਲ, ਕੁਲਦੀਪ ਸਿੰਘ ਸੋਖੋਂ, ਮਲਕੀਤ ਸਿੰਘ ਪੂੰਨੀਆ, ਰਮਨਦੀਪ ਸਿੰਘ, ਬਲਰਾਜ ਸਿੰਘ ਰਾਮਪੁਰ, ਭਿੰਦਰ ਸਿੰਘ, ਸੁਖਪਾਲ ਸਿੰਘ, ਸੋਹਣ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

## ਸਾਂਝੀ ਸੱਥ ਪ੍ਰੋਗਰਾਮ ਤਹਿਤ ਨਸ਼ਾ ਵਿਰੋਧੀ ਸੈਮੀਨਾਰ

**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸੱਪਲ)**-ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਵਿਖੇ ਪੰਜਾਬ ਪੁਲਸ ਵੱਲੋਂ ਨਸ਼ਾ ਵਿਰੋਧੀ ਸੈਮੀਨਾਰ ਕਰਾਇਆ ਗਿਆ। ਸਾਂਝੀ ਸੱਥ ਪ੍ਰੋਗਰਾਮ ਤਹਿਤ ਕਰਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਥਾਣਾ ਲੌਂਗੋਵਾਲ ਦੇ ਐੱਸ.ਐੱਚ.ਓ. ਬਲਵੰਤ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਕਹਿਰ ਨੂੰ ਜਨਤਾ ਦੇ ਸਹਿਯੋਗ ਨਾਲ ਹੀ ਠੱਲ੍ਹ ਪਾਈ ਜਾ ਸਕਦੀ ਹੈ। ਇਨ੍ਹਾਂ ਨਸ਼ਿਆਂ ਕਾਰਨ ਘਰਾਂ ਦੇ ਘਰ ਬਰਬਾਦ ਹੋ ਰਹੇ ਹਨ ਤੇ ਚਿੱਟਾ ਰੂਪੀ ਦੈਂਤ ਨੌਜਵਾਨੀ ਨੂੰ ਦਿਨ ਬ ਦਿਨ ਨਿਗਲਦਾ ਜਾ ਰਿਹਾ ਹੈ। ਥਾਣਾ ਮੁਖੀ ਨੇ ਕਿਹਾ ਕਿ ਐੱਸ.ਐੱਸ.ਪੀ. ਦੀ ਅਗਵਾਈ ਹੇਠ ਹੁਣ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਜੇਕਰ ਨਸ਼ਿਆਂ ਦੀ ਵਿਕਰੀ ਸੰਬੰਧੀ ਕੋਈ ਸੂਚਨਾ ਪੁਲਸ ਨੂੰ ਦਿੱਤੀ ਜਾਂਦੀ ਹੈ ਤਾਂ ਉਸਦਾ ਨਾਂਅ ਤੇ ਪਤਾ ਗੁਪਤ ਰੱਖਿਆ ਜਾਵੇਗਾ ਅਤੇ ਨਸ਼ਿਆਂ ਦੇ ਆਦੀ ਵਿਅਕਤੀਆਂ ਨੂੰ ਡਾਕਟਰੀ ਸਹਾਇਤਾ ਦੇ ਪ੍ਰਬੰਧ ਕਰਕੇ ਉਸਦੇ ਮੁੜ ਵਸੇਬੇ ਦਾ ਯਤਨ ਕੀਤਾ ਜਾਵੇਗਾ। ਹਾਜ਼ਰ ਪਤਵੰਤਿਆਂ ਵੱਲੋਂ ਕਮੇਟੀ ਦਾ ਗਠਨ ਕਰਕੇ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਕੌਂਸਲਰ ਮੇਲਾ ਸਿੰਘ ਸੂਬੇਦਾਰ ਸਾਬਕਾ ਪ੍ਰਧਾਨ, ਸਰਬਨ ਸਿੰਘ ਛੰਨਾ ਵਾਲਾ, ਬਲਵੀਰ ਸਿੰਘ, ਰੂਪ ਸਿੰਘ ਗਿੱਲ, ਬਿੰਦਰ ਸਿੰਘ ਤਾਜੋਵਾਲਾ, ਚਮਕੌਰ ਸਿੰਘ, ਪਰਮਜੀਤ ਸਿੰਘ ਭੋਲਾ ਨੰਬਰਦਾਰ, ਹਰਪ੍ਰੀਤ ਸਿੰਘ, ਅੰਬੂ ਸਿੰਘ ਅਤੇ ਚਮਕੌਰ ਸਿੰਘ ਨਾਹਿਲ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਜ਼ਿੰਦਾ ਰੱਖਣ ਲਈ ਨੌਜਵਾਨ ਪੀੜ੍ਹੀ ਨੂੰ ਕੀਤੀ ਅਪੀਲ

ਨਾਟਕ ਦੀ ਪੇਸ਼ਕਾਰੀ ਕਰਦੇ ਹੋਏ ਕਲਾਕਾਰ ਤੇ ਹਾਜ਼ਰੀਨ।

**ਮਲੋਟ (ਗੁਰਮੀਤ ਸਿੰਘ ਮੱਕੜ)**

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਲੋਕ ਕਲਾ ਮੰਚ ਵਲੋਂ ਖੇਡੇ ਗਏ ਨਾਟਕ 'ਸੂਰਜ ਛਿਪਣ ਤੋਂ ਪਹਿਲਾਂ' ਤੇ 'ਇੱਕ ਮਾਂ ਦਾ ਮੁਲਕ' ਨਾਟਕਾਂ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਨੂੰ ਜਿਊਂਦਾ ਰੱਖਣ ਲਈ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਮਹਿੰਗੇ ਮੁੱਲ 'ਤੇ ਮਿਲੀ ਆਜ਼ਾਦੀ ਦੀ ਕੀਮਤ ਬਾਰੇ ਜਾਗਰੂਕ ਕਰਾਉਣ ਲਈ ਲੋਕ ਕਲਾ ਮੰਚ ਜ਼ੀਰਾ ਦੇ ਕਲਾਕਾਰਾਂ ਵਲੋਂ ਸ਼੍ਰੀ ਮੇਘਰਾਜ ਰੱਲਾ ਦੇ ਨਿਰਦੇਸ਼ਨ ਹੇਠ ਤਿਆਰ ਕੀਤੇ ਨਾਟਕ 'ਸੂਰਜ ਛਿਪਣ ਤੋਂ ਪਹਿਲਾਂ' ਤੇ 'ਇੱਕ ਮਾਂ ਦਾ ਮੁਲਕ' ਨਾਟਕਾਂ ਦੀ ਸਫਲ ਪੇਸ਼ਕਾਰੀ ਕੀਤੀ ਗਈ।ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਲਈ ਇਸ ਤਰ੍ਹਾਂ ਦੇ ਨਾਟਕ ਪਿੰਡਾਂ ਦੀਆਂ ਸੱਥਾਂ ਵਿਚ ਵੀ ਖੇਡੇ ਜਾਣ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਭਗਤ ਸਿੰਘ ਇਨਕਲਾਬੀ ਹੋਣ ਦੇ ਨਾਲ ਨਾਲ ਮਹਾਨ ਚਿੰਤਕ ਵੀ ਸੀ। ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਨੌਜਵਾਨਾਂ ਵਿਚ ਦੇਸ਼ ਭਗਤੀ ਦੀ ਅਜਿਹੀ ਚਿਣਗ ਪੈਦਾ ਕੀਤੀ, ਜਿਸ ਨੇ ਸਾਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤੀ ਦਿਵਾਈ ਤੇ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ।ਕੈਬਨਿਟ ਮੰਤਰੀ ਨੇ ਕਲਾਕਾਰਾਂ ਨੂੰ ਅਪੀਲ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਹਰ ਪਿੰਡ ਵਿੱਚ ਦੇਸ਼ ਭਗਤੀ ਨਾਲ ਸੰਬੰਧਤ ਨਾਟਕ ਖੇਡੇ ਜਾਣ।

## ਕਾਤਰਾਂ

### ਯੂਨੀਵਰਸਲ ਦੀ ਵਿਦਿਆਰਥਣ ਨੇ ਹਾਸਲ ਕੀਤੇ 6.5 ਬੈਂਡ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੱਸ ਸਟੈਂਡ ਦੇ ਪਿਛਲੇ ਪਾਸੇ ਨਹਿਰੂ ਮੰਡੀ ਵਿੱਚ ਸਥਿਤ ਯੂਨੀਵਰਸਲ ਕੋਚਿੰਗ ਇੰਸਟੀਟਿਊਟ ਦੇ ਚੰਗੇ ਰਿਜ਼ਲਟਾਂ ਦੇ ਸਿਲਸਿਲੇ ਨੂੰ ਜਾਰੀ ਰੱਖਦਿਆਂ ਗਗਨਦੀਪ ਕੌਰ ਪਿੰਡ ਬੁਰਜ ਦੁੱਨਾਂ ਦੀ ਵਿਦਿਆਰਥਣ ਨੇ 6.5 ਬੈਂਡ ਲੈ ਕੇ ਆਪਣਾ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਸੰਚਾਲਕ ਗੁਰਪ੍ਰੀਤ ਸਿੰਘ ਤੇ ਅੰਕੁਸ਼ ਅਨੇਜਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਸੰਸਥਾ ਵਿੱਚ ਬਿਨਾਂ ਕਿਸੇ ਵਾਧੂ ਬੋਝ ਤੋਂ ਆਧੁਨਿਕ ਤਰੀਕਿਆਂ ਨਾਲ ਤਿਆਰੀ ਕਰਕੇ ਵਧੀਆ ਰਿਜ਼ਲਟ ਹਾਸਲ ਕੀਤੇ ਜਾ ਸਕਦੇ ਹਨ।

### ਪਾਣੀਪਤ ਫੋਰਲੇਨ ਬਣਨ ਨਾਲ ਸਿਰਸਾ ਦੇ ਲੋਕ ਸਿੱਧੇ ਪਾਣੀਪਤ ਤੇ ਯੂ ਪੀ ਨਾਲ ਜੁੜਨਗੇ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ-ਪੰਜਾਬ ਸਰਹੱਦ 'ਤੇ ਸਥਿਤ ਹਰਿਆਣਾ ਦੇ ਡੱਬਵਾਲੀ ਤੋਂ ਪਾਣੀਪਤ ਤੱਕ 300 ਕਿਲੋਮੀਟਰ ਲੰਬਾ ਚਾਰ ਮਾਰਗੀ ਫੋਰਲੇਨ ਬਨਣ ਨਾਲ ਸਿਰਸਾ ਦੇ ਲੋਕ ਸਿੱਧੇ ਪਾਣੀਪਤ ਤੇ ਉਸ ਤੋਂ ਅੱਗੇ ਯੂ.ਪੀ ਨਾਲ ਜੁੜ ਜਾਣਗ, ਇਸ ਤੋਂ ਬਿਨਾਂ ਫ਼ਤਿਹਾਬਾਦ, ਹਿਸਾਰ, ਜੀਂਦ, ਕਰਨਾਲ ਦੇ ਕਸਬਿਆਂ ਵਿੱਚੋਂ ਲੰਘਦੀ ਇਹ ਚਾਰ ਮਾਰਗੀ ਸੜਕ ਹਰਿਆਣਾ ਦੇ ਪੂਰਬੀ ਸਿਰੇ ਨੂੰ ਸਿੱਧੇ ਪੱਛਮੀ ਸਿਰੇ ਨਾਲ ਜੋੜ ਦੇਵੇਗੀ।ਹੁਣ ਤੱਕ ਰਾਜਸਥਾਨ ਤੇ ਪੰਜਾਬ ਤੋਂ ਪਾਣੀਪਤ ਪਹੁੰਚਣ ਦਾ ਕੋਈ ਸਿੱਧਾ ਰਸਤਾ ਨਹੀਂ ਸੀ।ਇਸ ਸੜਕ ਦੇ ਬਣਨ ਨਾਲ ਹਰਿਆਣਾ ਦੇ ਨਾਲ-ਨਾਲ ਪੰਜਾਬ ਤੇ ਰਾਜਸਥਾਨ ਨੂੰ ਵੀ ਫਾਇਦਾ ਹੋਵੇਗਾ।ਸਿਰਸਾ ਜਿਲ੍ਹੇ ਦੇ ਪਿੰਡ ਚੌਟਾਲਾ ਤੋਂ ਪਰੇ ਰਾਜਸਥਾਨ ਦੇ ਹੋਰ ਜ਼ਿਲ੍ਹਿਆਂ ਨਾਲ ਸੰਪਰਕ ਸ਼ੁਰੂ ਹੁੰਦਾ ਹੈ, ਜਦੋਂਕਿ ਪੰਜਾਬ ਦੇ ਬਠਿੰਡਾ ਅਤੇ ਸ੍ਰੀ ਮੁਕਤਸਰ ਜ਼ਿਲ੍ਹਿਆਂ ਨਾਲ ਸੰਪਰਕ ਡੱਬਵਾਲੀ ਤੋਂ ਸ਼ੁਰੂ ਹੁੰਦਾ ਹੈ। ਪਾਣੀਪਤ ਹੈਂਡਲੂਮ ਉਤਪਾਦਾਂ ਲਈ ਮਸ਼ਹੂਰ ਹੈ, ਜਦਕਿ ਸਿਰਸਾ ਕਪਾਹ ਉਤਪਾਦਕ ਜ਼ਿਲ੍ਹਾ ਹੈ।ਅਜਿਹੇ 'ਚ ਪਾਣੀਪਤ ਦੇ ਉਦਯੋਗਪਤੀਆਂ ਨੂੰ ਵੀ ਕਾਰੋਬਾਰ ਕਰਨਾ ਆਸਾਨ ਹੋ ਜਾਵੇਗਾ।

### ਅਧਾਰ ਕਾਰਡ ਦੇ ਪਰੂਫ਼ ਆਫ਼ ਅਡੈਂਟਿਟੀ ਅਪਡੇਟ ਕਰਨ ਦੀ ਸੁਵਿਧਾ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਨਾਗਰਿਕਾਂ ਲਈ ਸੇਵਾ ਕੇਂਦਰਾਂ ਵਿੱਚ ਅਧਾਰ ਕਾਰਡ ਦੇ ਪਰੂਫ਼ ਆਫ਼ ਅਡੈਂਟਿਟੀ ਤੇ ਪਰੂਫ਼ ਆਫ਼ ਐਡਰੈੱਸ ਅਪਡੇਟ ਕਰਨ ਦੀ ਸੁਵਿਧਾ ਸ਼ੁਰੂ ਕੀਤੀ ਗਈ ਹੈ। ਸੇਵਾ ਕੇਂਦਰਾਂ ਵਿੱਚ ਇਸ ਸੇਵਾ ਲਈ ਕੇਵਲ 50 ਰੁਪਏ ਦੀ ਫ਼ੀਸ ਲਈ ਜਾਵੇਗੀ। ਜ਼ਿਲ੍ਹਾ ਮੈਨੇਜਰ ਸੇਵਾ ਕੇਂਦਰ ਗਗਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਹੁਣ ਫ਼ਾਜ਼ਿਲਕਾ ਵਾਸੀ ਸੇਵਾ ਕੇਂਦਰਾਂ ਵਿੱਚ ਆਪਣੇ ਆਧਾਰ ਕਾਰਡ ਦੀ ਪਰੂਫ਼ ਆਫ਼ ਅਡੈਂਟਿਟੀ ਤੇ ਪਰੂਫ ਆਫ਼ ਐਡਰੈੱਸ ਦੀ ਅਪਡੇਸ਼ਨ ਕਰਾ ਸਕਣਗੇ ਤੇ ਇਸ ਸੇਵਾ ਲਈ ਉਨ੍ਹਾਂ ਨੂੰ ਸੇਵਾ ਕੇਂਦਰਾਂ ਕੇਵਲ 50 ਰੁਪਏ ਫ਼ੀਸ ਅਦਾ ਕਰਨੀ ਪਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 21 ਸੇਵਾ ਕੇਂਦਰ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ 20 ਸੇਵਾ ਕੇਂਦਰਾਂ ਵਿੱਚ ਅਧਾਰ ਕਾਰਡ ਬਣਾਉਣ ਤੇ ਅਪਡੇਟ ਕਰਨ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 20 ਸੇਵਾ ਕੇਂਦਰਾਂ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਾਜ਼ਿਲਕਾ, ਦਫਤਰ ਨਗਰ ਕੌਂਸਲ ਫ਼ਾਜ਼ਿਲਕਾ, ਅਜੀਮਗੜ੍ਹ (ਅਬੋਹਰ), ਬੱਲੂਆਣਾ, ਚੱਕ ਖੇੜੇ ਵਾਲਾ, ਚੱਕ ਸੁਹੇਲੇ ਵਾਲਾ, ਫ਼ਾਜ਼ਿਲਕਾ-ਮਲੋਟ ਰੋਡ (ਅਰਨੀਵਾਲਾ), ਘੱਲੂ, ਘੁਬਾਇਆ, ਕੇਰੀਆਂ, ਲਾਧੂਕਾ, ਮੰਡੀ ਅਮੀਨ ਗੰਜ, ਦਫਤਰ ਮਾਰਕੀਟ ਕਮੇਟੀ ਜਲਾਲਾਬਾਦ, ਤਹਿਸੀਲ ਕੰਪਲੈਕਸ ਜਲਾਲਾਬਾਦ, ਪੰਜਕੋਸੀ, ਸੱਪਾਂਵਾਲੀ, ਸੀਤੋ ਗੁਨੋ, ਤਹਿਸੀਲ ਕੰਪਲੈਕਸ ਅਬੋਹਰ, ਦਾਣਾ ਮੰਡੀ ਅਬੋਹਰ ਤੇ ਵਹਾਬ ਵਾਲਾ ਦੇ ਸੇਵਾ ਕੇਂਦਰ ਸ਼ਾਮਲ ਹਨ।

### ਸਿਰਸਾ ਬਿਲਡਿੰਗ ਐਂਡ ਕੰਸਟਰੱਕਸ਼ਨ ਵਰਕਰਜ਼ ਯੂਨੀਅਨ ਵੱਲੋਂ ਮਜ਼ਦੂਰਾਂ ਨੂੰ ਕੰਮ ਦੇਣ ਦੀ ਮੰਗ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਬਿਲਡਿੰਗ ਐਂਡ ਕੰਸਟਰੱਕਸ਼ਨ ਵਰਕਰਜ਼ ਯੂਨੀਅਨ ਤੇ ਦਿਹਤੀ ਮਜ਼ਦੂਰ ਸਭਾ ਹਰਿਆਣਾ ਦੀ ਸਾਂਝੀ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਭਲਕੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਆਪਣੀਆਂ ਮੰਗਾਂ ਸਬੰਧੀ ਧਰਨਾ ਦਿੱਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਮੰਗਤ ਰਾਮ ਨੇਜਾਡੇ ਕਲਾਂ, ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ, ਸੂਬਾ ਜਨਰਲ ਸਕੱਤਰ ਰਾਜੇਸ਼, ਪੰਜਾਬ ਸੂਬੇ ਦੇ ਜਨਰਲ ਸਕੱਤਰ ਤਜਿੰਦਰ ਸਿੰਘ ਰਤੀਆ, ਜ਼ਿਲ੍ਹਾ ਪ੍ਰਧਾਨ ਬਸਤੀਰਾਮ ਚੋਰਮਾਰ, ਸਕੱਤਰ ਨੰਦਲਾਲ ਆਦਿ ਨੇ ਕਿਹਾ ਕਿ ਖੱਟਰ ਸਰਕਾਰ ਵੱਲੋਂ ਪਰਵਾਰ ਪਛਾਣ ਪੱਤਰਾਂ ਸਮੇਤ ਰਾਸ਼ਨ ਕਾਰਡ ਕੱਟਣਾ ਖੱਟਰ ਸਰਕਾਰ ਦਾ ਮਜ਼ਦੂਰ ਵਿਰੋਧੀ ਕਦਮ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਬਿਜਲੀ ਦੇ ਵੱਧ ਬਿੱਲ ਕਾਰਨ ਪ੍ਰੇਸ਼ਾਨ ਹਨ, ਮਨਰੇਗਾ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ। ਇਸ ਤੋਂ ਇਲਾਵਾ ਹੋਰ ਵੀ ਕਈ ਸਮੱਸਿਆਵਾਂ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ, ਆਨਲਾਈਨ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ, ਮਜ਼ਦੂਰਾਂ ਦੇ ਰਾਸ਼ਨ ਕਾਰਡ ਮੁੜ ਤੋਂ ਠੀਕ ਕੀਤੇ ਜਾਣ।ਮੀਟਿੰਗ 'ਚ ਸਖ਼ਤ ਲਹਿਜੇ ਵਿੱਚ ਫੈਸਲਾ ਕੀਤਾ ਗਿਆ ਕਿ 10 ਜਨਵਰੀ ਨੂੰ ਡੀਸੀ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਇਸ ਧਰਨੇ 'ਚ ਹਰ ਪਿੰਡ ਤੋਂ ਵਰਕਰ ਤੇ ਮਜ਼ਦੂਰ ਸ਼ਮੂਲੀਅਤ ਕਰਨਗੇ।

### ਨੌਜਵਾਨ ਨੂੰ ਅਗਵਾ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਪੁਲਸ ਨੇ ਇੱਕ ਨੌਜਵਾਨ ਨੂੰ

10-Jan-PAGE-8.qxd 1/9/2023 10:43 PM Page 1



# ਔਰਤ ਕੋਲੋਂ ਪਿਸਤੌਲ ਦੀ ਨੋਕ 'ਤੇ ਕਾਰ ਖੋਹਣ ਵਾਲੇ ਗ੍ਰਿਫ਼ਤਾਰ

**ਬਹਿਰਾਮ (ਅਵਤਾਰ ਕਲੇਰ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਵੱਲੋਂ ਮਿਤੀ 07-01-2023 ਨੂੰ ਰਾਤ ਸਮੇਂ ਇੱਕ ਔਰਤ ਪਾਸੋ ਫਗਵਾੜਾ ਤੋਂ ਰੋਪੜ ਨੈਸਨਲ ਹਾਈਵੇ 'ਤੇ ਬੰਗਾ ਸ਼ਹਿਰ ਲਾਗੇ ਤੋਂ ਪਿਸਤੌਲ ਦੀ ਨੋਕ 'ਤੇ ਕਾਰ ਖੋਹਣ ਵਾਲੇ 03 ਮੁਲਜ਼ਮਾਂ ਨੂੰ ਕਾਬੂ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਹੈ। ਭਾਗੀਰਥ ਸਿੰਘ ਮੀਨਾ , ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ , ਸ਼ਹੀਦ ਭਗਤ ਸਿੰਘ ਨਗਰ ਨੇ ਇੱਕ ਪ੍ਰੇਸ ਕਾਨਫਰੰਸ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 07-01-2023 ਨੂੰ ਥਾਣਾ ਸਿਟੀ ਬੰਗਾ ਪੁਲਸ ਨੂੰ ਅਮ੍ਰਿਤ ਕੌਰ ਦੀਪ ਵਾਸੀ ਪ੍ਰੌਨੀਆ ਨੇ ਸੂਚਨਾ ਦਿੱਤੀ ਕਿ ਜਦੋਂ ਉਹ ਰਾਤ ਵਕਤ 09:20 ਵਜੇ ਆਪਣੀ 03 ਸਾਲ ਦੀ ਲੜਕੀ ਨਾਲ ਆਪਣੀ ਕਾਰ ਨੰਬਰ 325-1185 ਮਾਰਕਾ ਸਲੇਰੀਓ 'ਤੇ ਬੰਗਾ ਸ਼ਹਿਰ ਵਿਖੇ ਫਗਵਾੜਾ ਤੋਂ ਰੋਪੜ ਨੈਸ਼ਨਲ ਹਾਈਵੇ ) 'ਤੇ ਮੌਜੂਦ ਸੀ ਤਾਂ ਸੜਕ ਤੋਂ ਪਾਰ ਸਥਿਤ ਇੱਕ ਢਾਬੇ ਤੋਂ ਤਿੰਨ ਲੜਕੇ ਬਾਹਰ ਆਏ , ਜਿਹਨਾਂ ਵਿੱਚੋਂ ਇੱਕ ਲੜਕਾ ਮੋਟਰਸਾਈਕਲ ਕੋਲ ਰੁੱਕ ਗਿਆ ਤੇ 02 ਲੜਕੇ ਰੋਡ ਕਰਾਸ ਕਰਕੇ ਉਸ ਪਾਸ ਆ ਕੇ ਉਸਨੂੰ ਪਿਸਟਲ ਨਾਲ ਧਮਕਾ ਕੇ ਕਾਰ ਵਿੱਚ ਬਾਹਰ ਆਉਣ ਲਈ ਕਿਹਾ , ਜਿਸ 'ਤੇ ਉਹ ਆਪਣੀ ਲੜਕੀ ਸਮੇਤ ਕਾਰ 'ਚੋਂ ਬਾਹਰ ਆ ਗਈ। ਜਿਸ ਉਪਰੰਤ ਉਹ ਉਸਦੀ ਕਾਰ ਖੋਹ ਕੇ ਨਵਾਂਸ਼ਹਿਰ ਸਾਈਡ ਭੱਜ ਗਏ ਤੇ ਮੋਟਰਸਾਈਕਲ ਵਾਲਾ ਲੜਕਾ ਬੰਗਾ ਵੱਲ ਨੂੰ ਚਲਾ ਗਿਆ। ਜਿਸ 'ਤੇ ਨਾਮਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 02 ਮਿਤੀ 08-01-2023 ਅਧ 379 - ਬੀ ਭਾਦ : ਤਹਿਤ ਥਾਣਾ ਸਿਟੀ ਬੰਗਾ ਵਿਖੇ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ । ਸੀ. ਆਈ. ਏ. ਸਟਾਫ ਦੀ ਪੁਲਸ ਪਾਰਟੀ ਵੱਲੋਂ ਭੱਦੀ ਨੂਰਪੁਰ ਰੋਡ 'ਤੇ ਇਸ ਵਾਰਦਾਤ ਦੇ 03 ਮੁਲਜ਼ਮਾਂ ਦਿਲਪ੍ਰੀਤ ਸਿੰਘ ( 21 ਸਾਲ ) ਪੁੱਤਰ ਬਲਜੀਤ ਸਿੰਘ ਵਾਸੀ ਕਾਜਮਪੁਰ ਥਾਣਾ ਰਾਹੋਂ , ਕਮਲਦੀਪ ਸਿੰਘ (22 ਸਾਲ ) ਪੁੱਤਰ ਗੁਰਮੇਲ ਸਿੰਘ ਵਾਸੀ ਫਤਿਹ ਨਗਰ ਹਾਲ ਵਾਸੀ ਨੇੜੇ ਲਾਲ ਢਾਬਾ ਮਹਾਲੇ ਥਾਣਾ ਸਿਟੀ ਨਵਾਂਸ਼ਹਿਰ ਅਤੇ ਜਸਕਰਨ ਸਿੰਘ (21 ਸਾਲ) ਪੁੱਤਰ ਜਸਵਿੰਦਰ ਸਿੰਘ ਵਾਸੀ ਚਾਹੜ ਮਜਾਰਾ ਥਾਣਾ ਰਾਹੋ ਨੂੰ ਖੋਹ ਕੀਤੀ ਕਾਰ ਸਲੇਰੀਓ, ਜਿਸ 'ਤੇ ਉਨ੍ਹਾਂ ਜਾਅਲੀ ਨੰਬਰ 39-1-9982 ਲਗਾਇਆ ਸੀ, ਪਿਸਤੌਲ 32 ਬੋਰ , 2 ਜਿੰਦਾ ਰੌਂਦ , ਮੋਟਰਸਾਈਕਲ ਨੰਬਰ 32 - 8601 ਮਾਰਕਾ ਸਪਲੰਡਰ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਦਿਲਪ੍ਰੀਤ ਸਿੰਘ ਉਕਤ ਦੀ ਮੁੱਢਲੀ ਪੁੱਛਗਿੱਛ ਤੋਂ ਸੀ.ਆਈ.ਏ. ਸਟਾਫ , ਸੁਭਾਸ਼ ਨਗਰ ਵੱਲੋਂ ਇੱਕ ਹੋਰ ਮੁਲਜ਼ਮ ਸਤਨਾਮ ਸਿੰਘ ਉਰਫ ਸੁੱਖਾ ਪੁੱਤਰ ਲੈਂਬਰ ਸਿੰਘ ਵਾਸੀ ਵਾਰਡ ਨੰਬਰ 12 , ਬੀਰਮਪੁਰ ਰੋਡ , ਗੜ੍ਹਸ਼ਸ਼ਕਰ ਜ਼ਿਲ੍ਹਾ ਹੁਸ਼ਿਆਰਪੁਰ ਪਾਸੋਂ ਵੀ 1 ਪਿਸਤੌਲ 32 ਬੋਰ , 02 ਜਿੰਦਾ ਰੌਂਦ ਸਮੇਤ ਕਾਬੂ ਕੀਤਾ ਗਿਆ।

# ਸੂਬਾ ਸਰਕਾਰ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਦੂਰ ਕਰਨ ਲਈ ਯਤਨਸ਼ੀਲ : ਰਾਜਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਪੰਜਾਬ ਦੇ ਲੋਕਾਂ ਲਈ ਜਿਸ ਬਦਲਾਅ ਦੇ ਨਾਲ ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਗਠਨ ਕੀਤਾ ਹੈ ਉਸ ਤੇ ਖਰਾ ਉਤਰਦੇ ਹੋਏ ਆਮ ਆਦਮੀ ਪਾਰਟੀ ਨੇ ਆਮ ਆਦਮੀ ਦੀ ਬਾਂਹ ਫੜੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਬੀਰ ਸਿੰਘ ਨੇ ਇੱਕ ਸਮਾਗਮ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਰਾਜਾ ਨੇ 3910 ਮਾਸਟਰ ਕੇਡਰ ਵਿਚ ਸ਼ਾਮਲ ਹਲਕਾ ਟਾਂਡਾ ਨਾਲ ਸਬੰਧਤ ਦੋ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਬੇਰੁਜ਼ਗਾਰੀ ਖਤਮ ਕਰਨ ਸਬੰਧੀ ਕੀਤਾ ਵਾਅਦਾ ਸਿਰਫ਼ 9 ਮਹੀਨਿਆਂ ਵਿੱਚ 25 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਪੂਰਾ ਕੀਤਾ ਹੈ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਨੇ ਹੋਰ ਕਿਹਾ ਕਿ ਇਹ ਸਮੁੱਚੇ ਹਲਕੇ ਲਈ ਮਾਣ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪਿਛਲੇ ਸਮੇਂ ਵਿੱਚ ਮਾਸਟਰ ਕੇਡਰ ਅਧਿਆਪਕਾਂ ਦੇ ਜਿੰਨਾਂ 3910 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ ਉਨਾ ਵਿੱਚੋਂ 2 ਅਧਿਆਪਕ ਹਲਕਾ ਉੜਮੁੜ ਟਾਂਡਾ ਦੇ ਹਨ । ਇਸ ਮੌਕੇ ਉਨ੍ਹਾਂ ਪਿੰਡ ਟਿਲੂਵਾਲ ਖੁਣਖੁਣਾ ਦੇ ਨੌਕਰੀ ਹਾਸਲ ਕਰਨ ਵਾਲੇ ਅਧਿਆਪਕ ਬਲਵੀਰ ਸਿੰਘ ,ਅਧਿਆਪਕ ਸਪਨਾ ਕੁਮਾਰੀ ਤੇ ਮੁਹੱਲਾ ਕਲੀਨਿਕ ਚ ਨੌਕਰੀ ਹਾਸਲ ਕਰਨ ਵਾਲੀ ਮਨਜੋਤ ਕੌਰ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਆਪਣੀ ਡਿਊਟੀ ਪੂਰੀ ਜਿੰਮੇਵਾਰੀ ਨਾਲ ਨਿਭਾਉਣ ਦੀ ਪ੍ਰੇਰਣਾ ਦਿੱਤੀ । ਇਸ ਮੌਕੇ ਉਨ੍ਹਾਂ ਹੋਰ ਕਿਹਾ ਕਿ ਮੁੱਖ ਮੰਤਰੀ ਭਗਵੰਤ



ਮਾਨ ਵਲੋਂ ਸਿਰਫ 9 ਮਹੀਨਿਆਂ ਵਿੱਚ ਵੱਖ-ਵੱਖ ਮਹਿਕਮਿਆਂ ਦੇ 25 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਸਾਲ 2023 ਸਿੱਖਿਆ, ਰੋਜ਼ਗਾਰ ਤੇ ਸਿਹਤ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਦਾ ਗਵਾਹ ਬਣਨ ਜਾ ਰਿਹਾ । ਭਗਵੰਤ ਮਾਨ ਸਰਕਾਰ ਵਲੋਂ ਸਾਲ 2023 ਵਿੱਚ ਸਿਰਫ਼ ਸਿੱਖਿਆ ਖੇਤਰ ਵਿੱਚ ਹੀ 6635 ਈਟੀਟੀ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ, ਜਦੋਂ ਕਿ 5994 ਹੋਰ ਅਧਿਆਪਕਾਂ ਦੀ ਭਰਤੀ ਦਾ ਨਵਾਂ ਇਸ਼ਤਿਹਾਰ ਵੀ ਸਰਕਾਰ ਵਲੋਂ ਜਾਰੀ ਕੀਤਾ ਗਿਆ ਹੈ ਜਦਕਿ ਤਕਰੀਬਨ 23 ਹਜ਼ਾਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਵੀ ਜਲਦੀ ਰੈਗੂਲਰ ਕੀਤੀਆਂ ਜਾਣਗੀਆਂ । ਸਰਕਾਰ ਵਲੋਂ ਇਨ੍ਹਾਂ ਨੌਕਰੀਆਂ ਲਈ ਸਿਰਫ਼ ਇਕੋ-ਇਕ ਮਾਪਦੰਡ ਮੈਰਿਟ ਤੇ ਯੋਗਤਾ ਰੱਖਿਆ ਗਿਆ । ਇਸ ਮੌਕੇ ਸਿਟੀ ਪ੍ਰਧਾਨ ਜਗਜੀਵਨ ਜੱਗੀ ਬਲਾਕ ਪ੍ਰਧਾਨ ਕੇਸਵ ਸੈਣੀ, ਸੁਖਵਿੰਦਰ ਸਿੰਘ ਅਰੋੜਾ, ਯੂਥ ਆਗੂ ਪ੍ਰੇਮ ਕੁਮਾਰ ਮੰਗਾ,ਅਤਵਾਰ ਸਿੰਘ ਪਲਾਚਕ, ਬਲਜੀਤ ਸੈਣੀ ਮਨੀਪਾਲ ਸਿੰਘ ਵੀ ਮੌਜੂਦ ਸਨ।

# ਚਾਇਨਾ ਡੋਰ ਦੇ 6 ਗੱਟੂਆਂ ਸਮੇਤ ਗ੍ਰਿਫ਼ਤਾਰ ਵਿਅਕਤੀ ਖਿਲਾਫ਼ ਮੁਕੱਦਮਾ ਦਰਜ

**ਮੋਰਿੰਡਾ (ਜੈਜੀ ਸਰਦਾਰ)**

ਪੰਜਾਬ ਸਰਕਾਰ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਕਪਤਾਨ ਪੁਲਸ ਰੂਪਨਗਰ ਵਿਵੇਕਸ਼ੀਲ ਸੋਨੀ, ਆਈ.ਪੀ.ਐਸ. ਦੇ ਹੁਕਮਾਂ ਅਨੁਸਾਰ ਨਵਨੀਤ ਸਿੰਘ ਮਾਹਲ ਸਿੰਘ, ਡੀ.ਐਸ.ਪੀ ਸਬ-ਡਵੀਜਨ ਮੋਰਿੰਡਾ ਦੀ ਅਗਵਾਈ ਹੇਠ ਥਾਣਾ ਸਿਟੀ ਇੰਸਪੈਕਟਰ ਗੁਰਪ੍ਰੀਤ ਸਿੰਘ ਵੱਲੋਂ ਪੁਲਸ ਪਾਰਟੀ ਥਾਣਾ ਸਿਟੀ ਮੋਰਿੰਡਾ ਦੀ ਟੀਮ ਬਣਾ ਕੇ ਸਹਿਰ ਵਿੱਚ ਚਾਇਨਾ ਡੋਰ ਵੇਚਣ ਖਿਲਾਫ ਸਰਚ ਮੁਹਿੰਮ ਚਲਾਈ ਗਈ ਹੈ। ਜਿਸ ਦੀ ਜਾਣਕਾਰੀ ਦਿੰਦਿਆਂ ਐੱਸ ਐੱਚ ਓ ਗੁਰਪ੍ਰੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਗੁਪਤ ਸੂਚਨਾ ਮਿਲਣ 'ਤੇ ਮੈਜਿਸਟਰੇਟ ਦੇ ਹੁਕਮਾਂ ਅਨੁਸਾਰ, ਐਕਟ ਤਹਿਤ ਮੁੱਕਦਮਾ ਨੰਬਰ 03 ਮਿਤੀ 07-01-2023 ਅਧ 188 ਆਈ ਪੀ ਸੀ ਐਕਟ ਥਾਣਾ ਸਿਟੀ ਮੋਰਿੰਡਾ ਵਿਸ਼ਾਲ ਪੁੱਤਰ ਤਰਸੇਮ ਲਾਲ ਵਾਸੀ ਮਕਾਨ ਨੰਬਰ 263 ਵਾਰਡ ਨੰਬਰ 10 ਮੋਰਿੰਡਾ ਥਾਣਾ ਸਿਟੀ ਮੋਰਿੰਡਾ 'ਚ ਦਰਜ ਕੀਤਾ ਗਿਆ। ਜਿਸ ਪਾਸੋਂ 06 ਗੱਟੂ ਚਾਇਨਾ ਡੋਰ ਦੇ ਬਰਾਮਦ ਕੀਤੀ ਗਏ। ਇਸ ਸਬੰਧੀ ਚਾਇਨਾ ਡੋਰ ਵੇਚਣ ਵਾਲਿਆ ਦੇ ਹੋਰ ਸ਼ੱਕੀ ਟਿਕਾਣਿਆਂ ਅਤੇ ਪਤੰਗਾਂ ਵਾਲੇ ਗੋਦਾਮਾਂ 'ਤੇ ਰੇਡ ਕੀਤੀ ਗਈ।ਅਗਰ ਉਕਤ ਦੋਸੀ ਕੋਲੋਂ ਪੁੱਛਗਿੱਛ ਵਿੱਚ ਕਿਸੇ ਵੀ ਵਿਅਕਤੀ ਸ਼ਮੂਲੀਅਤ ਪਾਈ ਜਾਂਦੀ ਹੈ ਜਾਂ ਕਿਸੇ ਹੋਰ ਵਿਅਕਤੀ ਪਾਸ ਚਾਇਨਾ ਡੋਰ ਬਰਾਮਦ ਹੁੰਦੀ ਹੈ ਤਾਂ ਉਸ ਨੂੰ ਮੁਕੱਦਮੇ ਵਿੱਚ ਨਾਮਜਦ ਕਰਕੇ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# 'ਲੀਗਲ ਲਿਟਰੇਸੀ ਐਟ ਦਾ ਡੋਰ ਸਟੈੱਪ' ਮੁਹਿੰਮ ਤਹਿਤ ਲਗਾਇਆ ਸੈਮੀਨਾਰ

**ਹੁਸ਼ਿਆਰਪੁਰ, (ਓ ਪੀ ਰਾਣਾ )**- ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਵਲੋਂ 20 ਜਨਵਰੀ 2023 ਤੱਕ ਚਲਾਈ ਜਾ ਰਹੀ 'ਲੀਗਲ ਲਿਟਰੇਸੀ ਐਟ ਦਾ ਡੋਰਸਟੈਪ' ਚਾਨਣ ਮੁਨਾਰਾ ਮੁਹਿੰਮ ਦੇ ਸਬੰਧ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਪਿੰਡ ਹਰੀਪੁਰ, ਜ਼ਿਲ੍ਹਾ ਹੁਸ਼ਿਆਅਰਪੁਰ ਵਿਖੇ ਘਰਘਰ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਪਿੰਡ ਹਰੀਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟਕਮਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਵਲੋਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਪਿੰਡ ਵਾਸੀਆ ਨੂੰ ਮੁਫਤ ਕਾਨੂੰਨੀ ਸੇਵਾਵਾਂ, ਮਾਤਾ-ਪਿਤਾ ਅਤੇ ਬਜ਼ੁਰਗਾਂ ਦੀ ਦੇਖ ਭਾਲ ਸਬੰਧੀ, ਜਨ ਉਪਯੋਗੀ ਸੇਵਾਵਾਂ ਅਤੇ ਘਰੇਲੂ ਹਿੰਸਾ ਐਕਟ ਸਬੰਧੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣੀਆਂ ਗਈਆਂ। ਇਸ ਮੌਕੇ ਪਿੰਡ ਦੇ ਸਰਪੰਚ ਬਲਵੀਰ ਸਿੰਘ ਪੰਚਾਇਤ ਮੈਂਬਰ ਅਤੇ ਪੈਰਾ ਲੀਗਲ ਵਲੰਟੀਅਰ ਪਵਨ ਕੁਮਾਰ ਹਾਜ਼ਰ ਸਨ।

# ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਉਤਸਵ 'ਤੇ ਨਗਰ ਕੀਰਤਨ ਸਜਾਉਣ ਸੰਬੰਧੀ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਨਗਰ ਕੀਰਤਨ ਪ੍ਰਬੰਧਕ ਕਮੇਟੀ ਅਤੇ ਬੇਗਮਪੁਰਾ ਟਾਈਗਰ ਫੋਰਸ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਵਲੋਂ ਵੱਖ-ਵੱਖ ਸੰਗਤਾਂ ਨਾਲ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਜਗਦੀਸ਼ ਲਾਲ ਬੱਧਣ ਪ੍ਰਧਾਨ ਬਲਬੀਰ ਸਿੰਘ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਹੋਈ। ਜਿਸ ਵਿੱਚ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਮਤਾ ਪਾਸ ਕੀਤਾ ਗਿਆ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇ। ਜੋ ਕਿ 4 ਫਰਵਰੀ ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ ਠੀਕ 1 ਵਜੇ ਰੌਸ਼ਨ ਗਰਾਊਂਡ ਹੁਸ਼ਿਆਰਪੁਰ ਤੋਂ ਹੋਟਲ ਪ੍ਰੈਜ਼ੀਡੈਂਸੀ, ਜੱਸਾ ਸਿੰਘ ਰਾਮਗੜ੍ਹੀਆ ਚੌਕ, ਪ੍ਰਭਾਤ ਚੌਕ, ਸਿਵਲ ਹਸਪਤਾਲ ਰੋਡ, ਫਗਵਾੜਾ ਚੌਕ, ਸਰਕਾਰੀ ਕਾਲਜ, ਸੈਸ਼ਨ ਚੌਕ, ਧੰਤਾ ਘਰ ਚੌਕ, ਭਗਵਾਨ ਵਾਲਮੀਕੀ ਚੌਕ ਅਤੇ ਫਗਵਾੜਾ ਦੇਵਤੇ ਵਿਖੇ ਹੋਵੇਗਾ। ਚੌਕ ਵਿੱਚ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਵਿਦਾਇਗੀ ਦਿੱਤੀ ਜਾਵੇਗੀ। ਸੰਗਤਾਂ ਨੂੰ ਨਗਰ ਕੀਰਤਨ ਵਿੱਚ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ ਜਸਵਿੰਦਰ ਸਿੰਘ, ਕੈਪਟਨ ਬਲਬੀਰ ਸਿੰਘ, ਰਾਮਜੀ ਦਾਸ, ਸਤੀਸ਼ ਕੁਮਾਰ, ਰਾਜੇਸ਼ ਕੁਮਾਰ, ਬਲਵਿੰਦਰ ਸਿੰਘ, ਅਜੇ ਕੁਮਾਰ, ਵਿਜੇ ਮੱਲਾ ਬੱਸੀ ਖਵਾਜੂ, ਹਰਭਗਵਾਨ ਸਿੰਘ ਰਹੀਮ ਪੁਰ, ਪਰਮ ਮੋਹਨ ਲਾਲ ਭਟੋਆ, ਬਿੱਲਾ ਦਿਓਵਾਲ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ, ਤਾਰਾ ਚੰਦ, ਜਗਜੀਤ ਸਿੰਘ ਸੁੰਦਰ ਨਗਰ ਬਜਵਾੜਾ, ਪ੍ਰੇਮ ਸਿੰਘ ਖਾਨਪੁਰ, ਡਾ: ਜਗਬੀਰ ਸਿੰਘ, ਹਰਵਿੰਦਰ ਸਿੰਘ, ਰਾਣਾ ਸਾਹਿਬ, ਸੁਰਜੀਤ ਸਿੰਘ, ਮਹਿੰਦਰ ਸਿੰਘ, ਸੁਰਜੀਤ ਸਿੰਘ, ਚਰਨਜੀਤ ਸਿੰਘ, ਅਵਤਾਰ ਚੰਦ, ਸੁਰਿੰਦਰ ਬੁੱਢਣ ਤੋਂ ਇਲਾਵਾ ਵੱਖ-ਵੱਖ ਸਭਾਵਾਂ ਦੇ ਪ੍ਰਧਾਨ ਤੇ ਮੈਂਬਰ ਹਾਜ਼ਰ ਸਨ।

# ਜਸਵੰਤ ਵਰਮਾ ਬਣੇ ਪ੍ਰੈੱਸ ਕਲੱਬ ਦੇ ਪ੍ਰਧਾਨ ਤੇ ਹਰਮੇਸ਼ ਦੱਤ ਜਨਰਲ ਸਕੱਤਰ

**ਕਰਤਾਰਪੁਰ (ਨ ਜ਼ ਸ)**-ਕਰਤਾਰਪੁਰ ਪ੍ਰੈੱਸ ਕਲੱਬ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਰਾਕੇਸ਼ ਪੁੰਜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪ੍ਰਧਾਨ ਰਾਕੇਸ਼ ਪੁੰਜ ਤੇ ਉਹਨਾਂ ਦੀ ਟੀਮ ਦੇ ਕਾਰਜਕਾਲ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਰਵਸੰਮਤੀ ਨਾਲ ਪੱਤਰਕਾਰ ਜਸਵੰਤ ਵਰਮਾ ਨੂੰ ਪ੍ਰਧਾਨ, ਭਜਨ ਸਿੰਘ ਧੀਰਪੁਰ,ਬੋਧ ਪ੍ਰਕਾਸ਼ ਸਾਹਨੀ, ਦੀਪਕ ਕੁਮਾਰ ਨੂੰ ਸਰਪ੍ਰਸਤ, ਰਾਕੇਸ਼ ਪੁੰਜ ਚੇਅਰਮੈਨ, ਗੁਰਨੇਕ ਸਿੰਘ ਵਿਰਦੀ ਸੀਨੀਅਰ ਮੀਤ ਪ੍ਰਧਾਨ, ਹਰਮੇਸ਼ ਦੱਤ ਜਨਰਲ ਸੱਕਤਰ, ਐਡਵੋਕੇਟ ਕ੍ਰਿਸ਼ਨ ਸ਼ਰਮਾ ਖਜਾਨਚੀ ਤੇ ਕਾਨੂੰਨੀ ਸਲਾਹਕਾਰ, ਗਗਨਦੀਪ ਗੌਤਮ ਪੀ ਆਰ ਉ, ਮੀਤ ਪ੍ਰਧਾਨ ਕੁਲਦੀਪ ਸਿੰਘ ਵਾਲੀਆ, ਸਕੱਤਰ ਤਜਿੰਦਰ ਸਿੰਘ, ਦਿਨੇਸ਼ ਕੁਮਾਰ,ਜੁਆਇੰਟ ਸਕੱਤਰ ਡਾਕਟਰ ਅਰੁਣ ਸ਼ਰਮਾ, ਪ੍ਰਦੀਪ ਕੁਮਾਰ,ਸੁਰਿੰਦਰ ਸਿੰਘ ਪੱਡਾ, ਮਨਜੀਤ ਕੁਮਾਰ ਨੂੰ ਬਣਾਇਆ ਗਿਆ।

# ਸੂਬੇ 'ਚ ਪੰਜਾਬੀਆਂ ਨੂੰ ਨੌਕਰੀ ਤੇ ਜ਼ਮੀਨਾਂ ਖਰੀਦਣ ਦਾ ਅਧਿਕਾਰ ਬਣੇਗਾ ਲੋਕ ਲਹਿਰ : ਗੌਰਵ ਰਾਣਾ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**

ਪੰਜਾਬ ਸੂਬੇ ਵਿੱਚ ਪੰਜਾਬੀ ਨੌਜਵਾਨਾਂ ਨੂੰ ਹੀ ਨੌਕਰੀ ਤੇ ਜਮੀਨ ਖਰੀਦਣ ਦੇ ਅਧਿਕਾਰ ਦੇਣ ਦੀ ਮੁਹਿੰਮ ਨੂੰ ਉਸ ਵਕਤ ਵੱਡਾ ਹੁੰਗਾਰਾ ਮਿਲਿਆ, ਜਦੋ

10-Jan-PAGE-9.qxd 1/9/2023 10:42 PM Page 1



# ਪੰਜਾਬ ਸਰਕਾਰ ਖੇਤ ਮਜ਼ਦੂਰਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ : ਥੰਮੂਵਾਲ

**ਸ਼ਾਹਕੋਟ (ਗਿਆਨ ਸੈਦਪੁਰੀ)**

ਜ਼ਿਲ੍ਹਾ ਜਲੰਧਰ ਦੇ ਖੇਤ ਮਜਦੂਰਾਂ ਦੀ ਇੱਕ ਭਰਵੀਂ ਮੀਟਿੰਗ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਹੋਈ । ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਚਰਨਜੀਤ ਥੰਮੂਵਾਲ ਨੇ ਕੀਤੀ। ਇਸ ਮੀਟਿੰਗ ਨੂੰ ਪੰਜਾਬ ਖੇਤ ਮਜਦੂਰ ਸਭਾ ਦੇ ਸੂਬਾ ਆਗੂ ਸਿਕੰਦਰ ਸੰਧੂ ਅਤੇ ਵੀਰ ਕੁਮਾਰ ਨੇ ਸੰਬੋਧਨ ਕੀਤਾ। ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਖੇਤ ਮਜਦੂਰਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ। ਮੁੱਖ ਮੰਤਰੀ ਵੱਲੋਂ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਨਾਲ ਵਾਰ-ਵਾਰ ਮੀਟਿੰਗਾਂ ਨਾ ਕਰਨਾ ਇਹ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਕਾਰਪੋਰੇਟ ਘਰਾਣਿਆਂ ਦੀ ਹੀ ਕਠਪੁਤਲੀ ਹੈ ਆਗੂਆਂ ਨੇ ਇਹ ਮੰਗ ਕੀਤੀ ਕਿ ਪੇਂਡੂ ਤੇ ਖੇਤ ਮਜਦੂਰ ਕਾਮਿਆਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ। ਮਨਰੇਗਾ ਤਹਿਤ ਮਜਦੂਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ। ਸਰਕਾਰ ਵੱਲੋਂ ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਜਾਣ। ਘਰ ਉਸਾਰਨ ਲਈ ਗਰਾਂਟ ਵੀ ਦਿੱਤੀ ਜਾਵੇ। ਰੁਕੀਆਂ ਹੋਈਆਂ ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦਿੱਤੀਆਂ ਜਾਣ। ਬੁਢਾਪਾ ਪੈਨਸਨ ਦੀ ਸੀਮਾ 58 ਸਾਲ ਕੀਤੀ ਜਾਵੇ। ਮਾਈਕ੍ਰੋਸਾਫਟ ਕੰਪਨੀਆਂ ਦੇ ਮਜਦੂਰਾਂ ਦੇ ਕਰਜੇ ਮੁਆਫ ਕੀਤੇ ਜਾਣ। ਆਗੂਆਂ ਨੇ 19 ਮੈਂਬਰੀ ਐਡਹਾਕ ਕਮੇਟੀ ਚੁਣੀ ਜਿਸ ਦੇ ਕਨਵੀਨਰ ਸਿਕੰਦਰ ਸੰਧੂ ਨੂੰ ਚੁਣਿਆ ਗਿਆ। ਕਮੇਟੀ ਨੇ ਫੈਸਲਾ ਕੀਤਾ ਕਿ ਅਪ੍ਰੈਲ ਤੱਕ ਤਹਿਸੀਲ ਕਮੇਟੀਆਂ ਦੀ ਚੋਣ ਕਰਕੇ ਪੰਜਾਬ ਖੇਤ ਮਜਦੂਰ ਸਭਾ ਦੀ ਜ਼ਿਲ੍ਹਾ ਕਾਨਫਰੰਸ ਕੀਤੀ ਜਾਵੇਗੀ।

# ਮਾਨ ਸਰਕਾਰ ਸੂਬੇ ਦੇ ਪਿੰਡਾਂ ਦੀ ਦਸ਼ਾ ਸੁਧਾਰਨ ਲਈ ਲਗਾਤਾਰ ਯਤਨਸ਼ੀਲ : ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਦੀ ਦਸ਼ਾ ਸੁਧਾਰਨ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਦਿਸ਼ਾ 'ਚ ਕੰਮ ਕਰਦਿਆਂ 'ਮਿਸ਼ਨ ਸਾਂਝਾ ਜਲ ਤਲਾਬ' ਅਧੀਨ ਸੂਬੇ ਦੇ ਪਿੰਡਾਂ ਵਿਚਲੇ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਇਸ ਵਿੱਤੀ ਸਾਲ ਦੌਰਾਨ ਜਿੱਥੇ ਸੀਚੇਵਾਲ ਮਾਡਲ ਅਤੇ ਥਾਪਰ ਮਾਡਲ ਰਾਹੀਂ 883 ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਚੁੱਕਾ ਹੈ, ਉੱਥੇ ਹੀ ਮਗਨਰੇਗਾ ਸਕੀਮ ਤਹਿਤ 'ਮਿਸ਼ਨ ਸਾਂਝਾ ਜਲ ਤਲਾਬ' ਅਧੀਨ ਪੁਰਾਣੇ ਜਲ ਤਲਾਬਾਂ ਦਾ ਨਵੀਨੀਕਰਨ ਵੀ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮਿਸ਼ਨ ਸਾਂਝਾ ਜਲ ਤਲਾਬ ਅਧੀਨ ਵਿਭਾਗ ਵੱਲੋਂ ਸੂਬੇ ਅੰਦਰ ਕੁੱਲ 1862 ਤਲਾਬਾਂ ਦੀ ਪਛਾਣ ਕੀਤੀ ਗਈ ਹੈ, ਜਿਸ ਵਿੱਚੋਂ 1026 ਸਥਾਨਾਂ 'ਤੇ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾ ਦੱਸਿਆ ਕਿ 504 ਛੱਪੜਾਂ ਦੇ ਨਵੀਨੀਕਰਨ ਦੇ ਕੰਮ ਮੁਕੰਮਲ ਹੋ ਚੁੱਕੇ ਹਨ, ਜਦਕਿ 522 ਥਾਵਾਂ 'ਤੇ ਕੰਮ ਪ੍ਰਗਤੀ ਅਧੀਨ ਹੈ। ਉਨ੍ਹਾ ਦੱਸਿਆ ਕਿ ਇਨ੍ਹਾਂ ਕਾਰਜਾਂ ਦੀ ਪ੍ਰਗਤੀ ਵਾਚਣ ਲਈ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸੰਯੁਕਤ ਵਿਕਾਸ ਕਮਿਸ਼ਨਰ ਵੱਲੋਂ ਹਰ ਹਫਤੇ ਸਮੂਹ ਜ਼ਿਲ੍ਹਿਆਂ ਦੇ ਏ ਡੀ ਸੀ(ਵਿ) ਨਾਲ ਵੀ.ਸੀ. ਕੀਤੀ ਜਾਂਦੀ ਹੈ ਅਤੇ ਹਰ ਮਹੀਨੇ ਮਿਸ਼ਨ ਸਾਂਝਾ ਜਲ ਤਲਾਬ ਮੁਹਿਮ ਦੀ ਪ੍ਰਗਤੀ ਦਾ ਰੀਵਿਊ ਵਧੀਕ ਮੁੱਖ ਸੱਕਤਰ ਪੇਂਡੂ ਵਿਕਾਸ ਤੇ

ਪੰਚਾਇਤ ਵਿਭਾਗ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਤੇਜ਼ੀ ਨਾਲ ਤਲਾਬਾਂ ਦੇ ਨਵੀਨੀਕਰਨ ਦਾ ਕੰਮ ਨੇਪਰੇ ਚਾੜ੍ਹਿਆ ਜਾ ਰਿਹਾ ਹੈ ਅਤੇ ਇਸ ਪ੍ਰਾਜੈਕਟ ਦੀ ਪ੍ਰਗਤੀ ਸੰਬੰਧੀ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਧਾਲੀਵਾਲ ਨੇ ਦੱਸਿਆ ਕਿ ਹੁਣ ਵਿਭਾਗ ਵੱਲੋਂ ਮਿਸ਼ਨ ਸਾਂਝਾ ਜਲ ਤਲਾਬ ਅਧੀਨ ਹਰ ਜ਼ਿਲ੍ਹੇ ਵਿੱਚ 150 ਛੱਪੜਾਂ ਦੇ ਨਵੀਨੀਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਖੇਤਰੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਇਸ ਪ੍ਰਾਜੈਕਟ ਤਹਿਤ ਵੱਡੇ ਛੱਪੜਾਂ, ਜਿਨ੍ਹਾਂ ਦਾ ਖੇਤਰਫਲ ਘੱਟੋ-ਘੱਟ ਇੱਕ ਏਕੜ ਹੋਵੇ ਅਤੇ ਜਿਨ੍ਹਾਂ ਦੀ ਸਮਰੱਥਾ 10,000 ਘਣਮੀਟਰ ਪਾਣੀ ਰੱਖਣ ਦੀ ਸਮਰੱਥਾ ਹੋਵੇ, ਅਜਿਹੇ ਛੱਪੜ ਹੀ ਇਸ ਪ੍ਰਾਜੈਕਟ ਤਹਿਤ ਲਏ ਜਾਣ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਲਏ ਗਏ ਤਲਾਬਾਂ ਦੇ ਆਲੇ-ਦੁਆਲੇ ਨਿੰਮ, ਬਰਗਦ ਅਤੇ ਪਿੱਪਲ ਜਿਹੇ ਦਰੱਖਤ ਲਗਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਦਾ ਟੀਚਾ ਵੀ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਵਿਭਾਗ ਵੱਲੋਂ ਜਿੱਥੇ ਇਸ ਕੰਮ ਦੀ ਪ੍ਰਗਤੀ ਨੂੰ ਵਾਚਣ ਲਈ ਜੀ ਓ ਮਗਨਰੇਗਾ, ਐਨ ਐਮ ਐਮ ਐਸ ਅਤੇ ਏਰੀਆ ਅਫਸਰ ਮੋਬਾਇਲ ਐਪ ਦੀ ਵਰਤੋਂ ਕੀਤੀ ਜਾ ਰਹੀ ਹੈ, ਉੱਥੇ ਹੀ ਚੱਲ ਰਹੇ ਕੰਮਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਹਰ ਪ੍ਰਾਜੈਕਟ ਦੀ ਜੀ ਓ ਟੈਗਿੰਗ ਕਰਨੀ ਵੀ ਲਾਜ਼ਮੀ ਕੀਤੀ ਗਈ ਹੈ। ਧਾਲੀਵਾਲ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦਾ ਟੀਚਾ ਸੂਬੇ ਨੂੰ ਹਰਿਆ-ਭਰਿਆ, ਖੁਸ਼ਹਾਲ ਅਤੇ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾ ਦੱਸਿਆ ਕਿ ਇਸ ਉਦੇਸ਼ ਤਹਿਤ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਮਗਨਰੇਗਾ ਸਕੀਮ ਦੇ ਅੰਤਰਗਤ ਪੰਜਾਬ ਦੇ ਪਿੰਡਾਂ ਅੰਦਰ ਹੋਰ ਵਿਕਾਸ ਦੇ ਕਾਰਜਾਂ ਦੇ ਨਾਲ-ਨਾਲ ਪਾਣੀ ਦੀ ਸਾਂਭ ਸੰਭਾਲ ਉੱਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।

## ਸਰਦੀ ਦੇ ਮੌਸਮ 'ਚ ਖਾਂਸੀ ਹੋਣਾ ਆਮ ਗੱਲ : ਡਾ. ਰਾਜਬੀਰ

**ਕਰਤਾਰਪੁਰ (ਹਰਮੇਸ਼ ਦੱਤ)**- ਸੁਖਮਨੀ ਹਸਪਤਾਲ ਦੇ ਡਾਕਟਰ ਰਾਜਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਸਰਦੀ ਦੇ ਮੌਸਮ

ਵਿਚ ਖਾਂਸੀ ਜੁਕਾਮ ਹੋਣਾ ਆਮ ਗੱਲ ਹੈ ਅਤੇ ਖਾਂਸੀ ਜੁਕਾਮ ਦਾ 3-4 ਦਿਨਾਂ ਵਿੱਚ ਇਲਾਜ ਨ ਕਰਵਾਇਆ ਜਾਵੇ ਅਤੇ ਆਰਾਮ ਨਾ ਆਵੇ ਤਾਂ ਫਲੂ ਬਣ ਸਕਦਾ ਹੈ। ਸਰਦੀ ਦੇ ਮੌਸਮ ਵਿਚ ਐਲਰਜੀ ਦੀ ਸਮੱਸਿਆ ਵੀ ਵਧ ਜਾਂਦੀ ਹੈ ਜਿਸ ਨਾਲ ਸਾਹ ਲੈਣ ਵਿਚ ਸਮੱਸਿਆ ਆ ਸਕਦੀ ਹੈ ਠੰਢ ਤੋਂ ਬਚਣ ਲਈ ਬਜੁਰਗਾਂ ਅਤੇ ਬੱਚਿਆਂ ਨੂੰ ਗਰਮ ਜਗ੍ਹਾ 'ਤੇ ਰਹਿਣਾ ਚਾਹੀਦਾ ਹੈ ਅਤੇ ਸਰੀਰ ਨੂੰ ਗਰਮ ਰੱਖਣ ਲਈ ਗਰਮ ਕੱਪੜੇ ਅਤੇ ਗਰਮ ਪਦਾਰਥ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

## ਸੋਸ਼ਲਿਸਟ ਪਾਰਟੀ ਇੰਡੀਆ ਵੱਲੋਂ ਭਾਰਤ ਜੋੜੋ ਯਾਤਰਾ 'ਚ ਸ਼ਾਮਲ ਹੋਣ ਦਾ ਫੈਸਲਾ

**ਹੁਸ਼ਿਆਰਪੁਰ, (ਓ ਪੀ ਰਾਣਾ )**

ਸ਼ੋਸ਼ਲਿਸ਼ਟ ਪਾਰਟੀ ਇੰਡੀਆ ਵੱਲੋਂ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ

ਦਿੰਦਿਆਂ ਸ਼ੋਸ਼ਲਿਸ਼ਟ ਪਾਰਟੀ ਇੰਡੀਆ ਦੇ ਸੂਬਾ ਪ੍ਰਧਾਨ ਓਮ ਸਿੰਘ ਸਟਿਆਣਾ ਅਤੇ ਜ਼ਿਲਾ ਪ੍ਰਧਾਨ ਹੁਸ਼ਿਆਰਪੁਰ ਸਤਪਾਲ ਸਿੰਘ ਡਡਿਆਣਾ ਨੇ ਦੱਸਿਆ ਕਿ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੌਰਾਨ ਕੌਮੀ ਪ੍ਰਧਾਨ ਥਾਮਸ ਟਾਮਸ ਸਾਬਕਾ ਮੀਤ ਪ੍ਰਧਾਨ ਤੇ ਬਜੁਰਗ ਆਗੂ ਬਲਵੰਤ ਸਿੰਘ ਖੇੜਾ ਕੌਮੀ ਸਕੱਤਰ ਅਨੁਸਾਰ ਪਾਰਟੀ ਵੱਲੋਂ ਲਏ ਫੈਸਲੇ ਮੁਤਾਬਿਕ ਪਾਰਟੀ ਵੱਲੋਂ ਕੇਰਲ, ਕਰਨਾਟਕ, ਤੇਲੰਗਣਾ, ਮਹਾਂਰਾਸ਼ਟਰਾ, ਮੱਧ ਪ੍ਰਦੇਸ਼,ਉੱਤਰ ਪ੍ਰਦੇਸ਼, ਤੇ ਦਿੱਲੀ ਵਿੱਚ ਵੱਡੇ ਪੱਧਰ 'ਤੇ ਇਸ ਭਾਰਤ ਜੋੜੋ ਯਾਤਰਾ ਵਿੱਚ ਸ਼ਮੂਲੀਅਤ ਕੀਤੀ ਗਈ ਹੈ। ਹੁਣ ਇਸ ਯਾਤਰਾ ਦੀ ਪੰਜਾਬ ਵਿੱਚ ਆਮਦ ਮੌਕੇ 14 ਜਨਵਰੀ ਨੂੰ ਕੌਮੀ ਸਕੱਤਰ ਬਲਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਲਵਲੀ ਯੂਨੀਵਰਸਿਟੀ ਫਗਵਾੜਾ ਨਜਦੀਕ ਪਾਰਟੀ ਦੇ 200 ਦੇ ਕਰੀਬ ਸਰਗਰਮ ਵਰਕਰਾਂ ਵੱਲੋਂ 'ਫਿਰਕਾਪ੍ਰਸਤ ਪਾਰਟੀਆਂ ਤੇ ਪਾਬੰਦੀ ਲਗਾਓ' ਦੇ ਬੈਨਰ ਲੈ ਕੇ ਪਾਰਟੀ ਦੇ ਝੰਡੇ ਹੇਠ ਇਸ ਭਾਰਤ ਜੋੜੋ ਯਾਤਰਾ ਦਾ ਸਵਾਗਤ ਕੀਤਾ ਜਾਵੇਗਾ।

## 1447 ਵੱਡੇ ਤਸਕਰ ਗ੍ਰਿਫਤਾਰ, 565.94 ਕਿਲੋ ਹੈਰੋਇਨ ਬਰਾਮਦ : ਸੁਖਚੈਨ ਸਿੰਘ ਗਿੱਲ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਗਈ ਫੈਸਲਾਕੁੰਨ ਜੰਗ ਦੀ ਇੱਕ ਛਿਮਾਹੀ ( ਅੱਧਾ ਸਾਲ ) ਪੂਰੀ ਹੋਣ 'ਤੇ ਪੰਜਾਬ ਪੁਲਸ ਨੇ 5 ਜੁਲਾਈ 2022 ਤੋਂ ਹੁਣ ਤੱਕ 9917 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿੰਨਾਂ ਵਿੱਚ 1447 ਵੱਡੇ ਤਸਕਰ ਸ਼ਾਮਲ ਹਨ। ਪੁਲਸ ਨੇ ਕੁੱਲ 7533 ਐਫ.ਆਈ.ਆਰ. ਦਰਜ ਕੀਤੀਆਂ ,ਜਿਨਾਂ ਵਿੱਚੋਂ 852 ਵਪਾਰਕ ਪੱਧਰ ਦੀਆਂ ਹਨ। ਸੋਮਵਾਰ ਨੂੰ ਇੱਥੇ ਆਪਣੀ ਹਫਤਾਵਾਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਇੰਸਪੈਕਟਰ ਜਨਰਲ ਆਫ ਪੁਲਸ (ਆਈ.ਜੀ.ਪੀ.) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਟੀਮਾਂ ਨੇ ਸੂਬੇ ਭਰ 'ਚ ਨਸ਼ਾ ਪ੍ਰਭਾਵਿਤ ਇਲਾਕਿਆਂ 'ਚ ਨਾਕਾਬੰਦੀ ਅਤੇ ਤਲਾਸ਼ੀ ਮੁਹਿਮ ਚਲਾ ਕੇ ਅਤੇ ਰਾਜ ਭਰ ਦੇ ਸੰਵੇਦਨਸ਼ੀਲ ਰੂਟਾਂ 'ਤੇ ਨਾਕੇ ਲਗਾ ਕੇ 418.44 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿਲੋ ਹੈਰੋਇਨ ਬਰਾਮਦ ਕੀਤੀ ਗਈ, ਜਿਸ ਨਾਲ ਸਿਰਫ ਛੇ ਮਹੀਨਿਆਂ ਵਿੱਚ ਹੈਰੋਇਨ ਦੀ ਕੁੱਲ ਪ੍ਰਭਾਵੀ ਰਿਕਵਰੀ 565.94-ਕਿਲੋ ਹੋ ਗਈ ਹੈ। ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਆਈ.ਜੀ.ਪੀ. ਨੇ ਦੱਸਿਆ ਕਿ ਪੁਲਿਸ ਨੇ ਸੂਬੇ ਭਰ ਵਿੱਚੋਂ 407 ਕਿਲੋ ਅਫੀਮ, 407 ਕਿਲੋ ਗਾਂਜਾ, 233 ਕੁਇੰਟਲ ਭੁੱਕੀ ਅਤੇ 33.88 ਲੱਖ ਨਸ਼ੇ ਦੀਆਂ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ। ਪੁਲਿਸ ਨੇ ਇਨਾਂ ਛੇ ਮਹੀਨਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜੇ ਵਿੱਚੋਂ 7.72 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਹਫਤਾਵਾਰੀ ਅਪਡੇਟ ਦਿੰਦੇ ਹੋਏ, ਆਈਜੀਪੀ ਨੇ ਦੱਸਿਆ ਕਿ ਪਿਛਲੇ ਇੱਕ ਹਫਤੇ ਵਿੱਚ, ਪੁਲਿਸ ਨੇ 247 ਐਫਆਈਆਰ, ਜਿਨਾਂ ਵਿਚ 19 ਵਪਾਰਕ ਮਾਮਲੇ ਸ਼ਾਮਲ ਹਨ, ਦਰਜ ਕਰਕੇ 311 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 11.76-ਕਿਲੋ ਹੈਰੋਇਨ, 9.87-ਕਿਲੋ ਅਫੀਮ, 6.37 ਕੁਇੰਟਲ ਭੁੱਕੀ, ਅਤੇ ਫਾਰਮਾ ਓਪੀਔਡਜ ਦੀਆਂ 32118 ਨਸ਼ੇ ਦੀਆਂ ਗੋਲੀਆਂ/ਕੈਪਸੂਲ/ਟੀਕੇ/ਸੀਸੀਆਂ ਤੋਂ ਇਲਾਵਾ 2.88 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ।ਉਨਾਂ ਕਿਹਾ ਕਿ 5 ਜੁਲਾਈ, 2022 ਨੂੰ ਪੀ.ਓਜ/ਭਗੋੜਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਵਿਸ਼ੇਸ਼ ਮੁਹਿਮ ਦੀ ਸ਼ੁਰੂਆਤ ਕੀਤੀ ਗਈ ਸੀ, ਪਿਛਲੇ ਇੱਕ ਹਫਤੇ ਦੌਰਾਨ 13 ਹੋਰ ਭਗੋੜੇ ਐਨਡੀਪੀਐਸ ਕੇਸਾਂ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਨਾਲ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ 608 ਤੱਕ ਪਹੁੰਚ ਗਈ ਹੈ। ਜ਼ਿਕਰਯੋਗ ਹੈ ਕਿ ਡੀਜੀਪੀ, ਪੰਜਾਬ ਗੌਰਵ ਯਾਦਵ ਨੇ ਸਾਰੇ ਸੀਪੀਜ/ਐਸਐਸਪੀਜ ਨੂੰ ਸਖਤ ਹਦਾਇਤਾਂ ਦਿੱਤੀਆਂ ਸਨ ਕਿ ਉਹ ਹਰੇਕ ਮਾਮਲੇ ਵਿੱਚ, ਖਾਸ ਤੌਰ 'ਤੇ ਨਸ਼ਿਆਂ ਦੀ ਬਰਾਮਦਗੀ ਨਾਲ ਸਬੰਧਤ ਸਾਰੀਆਂ ਅਗਲੀਆਂ ਪਿਛੜੀਆਂ ਕੜੀਆਂ ਦੀ ਬਾਰੀਕੀ ਨਾਲ ਜਾਂਚ ਕਰਨ, ਭਾਵੇਂ ਉਨਾਂ ਕੋਲੋਂ ਮਾਮੂਲੀ ਮਾਤਰਾ ਵਿੱਚ ਵੀ ਜ਼ਬਤੀ ਹੋਈ ਹੋਵੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਵਿਆਪਕ ਨਸ਼ਾ ਵਿਰੋਧੀ ਮੁਹਿਮ ਚਲਾਈ ਗਈ ਹੈ। ਡੀਜੀਪੀ ਨੇ ਸਾਰੇ ਸੀਪੀਜ/ਐਸਐਸਪੀਜ ਨੂੰ ਸਖਤੀ ਨਾਲ ਹੁਕਮ ਦਿੱਤੇ ਹਨ ਕਿ ਉਹ ਉਨਾਂ ਸਾਰੇ ਹਾਟਸਪਾਟਸ ਦੀ ਸ਼ਨਾਖਤ ਕਰਨ ਜਿੱਥੇ ਨਸ਼ੇ ਦਾ ਰੁਝਾਨ ਹੈ ਅਤੇ ਉਨਾਂ ਦੇ ਅਧਿਕਾਰ ਖੇਤਰਾਂ ਵਿੱਚ ਪੈਂਦੇ ਸਾਰੇ ਨਸ਼ਾ ਤਸਕਰਾਂ ਵੀ ਦੀ ਪਛਾਣ ਕਰਕੇ ਨਕੇਲ ਕੱਸੀ ਜਾਵੇ। ਉਨਾਂ ਪੁਲਿਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਫੜੇ ਗਏ ਸਾਰੇ ਨਸ਼ਾ ਤਸਕਰਾਂ ਦੀ ਜਾਇਦਾਦ ਜਬਤ ਕੀਤੀ ਜਾਵੇ ਤਾਂ ਜੋ ਉਨਾਂ ਦੇ ਨਜਾਇਜ ਪੈਸੇ ਨੂੰ ਬਰਾਮਦ ਕੀਤਾ ਜਾ ਸਕੇ।

## ਬਘਾਣਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬਘਾਣਾ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਾਹਿਬ ਜੀ ਦੇ ਅਸਥਾਨ ਤੋਂ ਸਮੂਹ ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ, ਕਲਗੀਧਰ ਦਸਮੇਸ ਪਿਤਾ ਜੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤ

10-JAN-PAGE-10.qxd 1/9/2023 10:36 PM Page 1



# ਧਰਤੀ ਤੇ ਪੌਣ-ਪਾਣੀ ਬਚਾਉਣ ਵਾਸਤੇ ਸਾਂਝੇ ਹੰਭਲੇ ਜ਼ਰੂਰੀ : ਮੀਤ ਹੇਅਰ

- ਕੈਬਿਨਟ ਮੰਤਰੀ ਨੇ 'ਮੇਲਾ ਜਾਗਦੇ ਜੁਗਨੂੰਆਂ ਦਾ' ਨੂੰ ਮੁਬਾਰਕ ਕਦਮ ਦੱਸਿਆ
- ਸਟਾਲਾਂ ਦਾ ਦੌਰਾ ਕਰਕੇ ਸਵੈ-ਸਹਾਇਤਾ ਗਰੁੱਪਾਂ ਦੀ ਕੀਤੀ ਸ਼ਲਾਘਾ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ ਸੋਨੀ)**-ਜੇਕਰ ਅਸੀਂ ਆਪਣੀ ਧਰਤੀ, ਪੌਣ ਪਾਣੀ ਬਚਾਵਾਂਗੇ ਤਾਂ ਹੀ ਅਗਲੀਆਂ ਪੀੜ੍ਹੀਆਂ ਬਚਾ ਸਕਾਂਗੇ ਤੇ ਇਸ ਬਾਬਤ ਸਾਂਝੇ ਹੰਭਲੇ ਬੇਹੱਦ ਜ਼ਰੂਰੀ ਹਨ। ਇਸ ਸੁਨੇਹੇ ਨਾਲ ਬਰਨਾਲਾ 'ਚ ਕਰਵਾਇਆ ਗਿਆ 'ਮੇਲਾ ਜਾਗਦੇ ਜੁਗਨੂੰਆਂ ਦਾ' ਇਕ ਮੁਬਾਰਕ ਕਦਮ ਹੈ। ਇਹ ਪ੍ਰਗਟਾਵਾ ਕੈਬਿਨਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਅਨਾਜ ਮੰਡੀ ਵਿੱਚ 'ਮੇਲਾ ਜਾਗਦੇ ਜੁਗਨੂੰਆਂ ਦਾ' ਦੌਰਾਨ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਆਖਿਆ ਕਿ ਇਸ ਮੇਲੇ ਰਾਹੀਂ ਪ੍ਰਬੰਧਕਾਂ ਵੱਲੋਂ ਜਿੱਥੇ ਧਰਤੀ ਅਤੇ ਪੌਣ-ਪਾਣੀ ਬਚਾਉਣ ਤੇ ਜੈਵਿਕ ਖੇਤੀ ਦਾ ਸੁਨੇਹਾ ਦਿੱਤਾ ਗਿਆ ਹੈ, ਉਥੇ ਪੰਜਾਬ ਦੇ ਦੇਸੀ ਖਾਣਿਆਂ ਤੋਂ ਵੀ ਨਵੀਂ ਪੀੜ੍ਹੀ ਨੂੰ ਜਾਣੂੰ ਕਰਾਇਆ ਜਾ ਰਿਹਾ ਹੈ। ਉਨ੍ਹਾ ਆਖਿਆ ਕਿ ਇਸ ਮੇਲੇ 'ਚ ਜਿੱਥੇ ਪੰਜਾਬੀ ਭਾਸ਼ਾ ਨੂੰ ਹੁਲਾਰਾ ਦਿੰਦੀਆਂ ਸਟਾਲਾਂ ਸ਼ਲਾਘਾਯੋਗ ਕਦਮ ਹੈ, ਉਥੇ ਕਿਤਾਬਾਂ ਰਾਹੀਂ ਬੌਧਿਕਤਾ ਨੂੰ ਜਗਾਉਣ ਦਾ ਵੱਡਾ ਉਪਰਾਲਾ ਇੱਕ ਸ਼ਲਾਘਾਯੋਗ ਕਦਮ ਹੈ।

ਉਨ੍ਹਾ ਮੇਲੇ 'ਚ ਲੱਗੀਆਂ ਸਟਾਲਾਂ ਦਾ ਦੌਰਾ ਕੀਤਾ ਤੇ ਕਿਸਾਨਾਂ, ਕਿਸਾਨ ਬੀਬੀਆਂ ਤੇ ਉੱਦਮੀਆਂ ਨਾਲ ਗੱਲਬਾਤ ਕੀਤੀ। ਕੈਬਿਨਟ ਮੰਤਰੀ ਮੀਤ ਹੇਅਰ ਨੇ ਜ਼ਿਲ੍ਹੇ ਦੇ ਪਿੰਡ ਭੋਤਨੇ ਤੇ ਹੋਰ ਸਵੈ-ਸਹਾਇਤਾ ਗਰੁੱਪਾਂ ਦੀ ਸ਼ਲਾਘਾ ਕੀਤੀ, ਜਿਹੜੇ ਗਰੁੱਪ ਜੈਵਿਕ ਪਦਾਰਥਾਂ ਤੇ ਪੰਜਾਬੀ ਖਾਣਿਆਂ ਦੀਆਂ ਸਟਾਲਾਂ ਹੋਰਾਂ ਸੂਬਿਆਂ 'ਚ ਲਗਾ ਕੇ ਪੰਜਾਬੀ ਵਿਰਸੇ ਦੀਆਂ ਬਾਤਾਂ ਪਾ ਰਹੇ ਹਨ। ਉਨ੍ਹਾ ਕਿਹਾ ਕਿ ਜ਼ਿਲ੍ਹੇ ਦੇ ਕਈ ਗਰੁੱਪ ਦਿੱਲੀ ਤੇ ਕੇਰਲਾ ਆਦਿ ਤੱਕ ਜੈਵਿਕ ਉਤਪਾਦਾਂ ਦੀਆਂ ਸਟਾਲਾਂ ਕਈ ਸਾਲਾਂ ਤੋਂ ਲਾਉਂਦੇ ਆ ਰਹੇ ਹਨ ਅਤੇ ਆਪਣਾ ਵੱਖਰਾ ਨਾਮ ਬਣਾਇਆ ਹੈ ਤੇ ਇਨ੍ਹਾਂ 'ਚ ਔਰਤਾਂ ਦੇ ਗਰੁੱਪ ਮੋਹਰੀ ਹਨ। ਮੀਤ ਹੇਅਰ ਨੇ ਕਿਹਾ ਕਿ ਇਸ ਮੇਲੇ 'ਚ ਸ਼ਿਰਕਤ ਕਰਨ ਵਾਲੇ ਸਵੈ-ਸਹਾਇਤਾ ਗਰੁੱਪਾਂ ਤੋਂ ਸਾਡੇ ਨੌਜਵਾਨ ਜ਼ਰੂਰ ਸੇਧ ਲੈਣ ਤਾਂ ਜੋ ਉਹ ਉਦਮੀ ਬਣ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਣ। ਉਨ੍ਹਾ 'ਮੇਲਾ ਜਾਗਦੇ ਜੁਗਨੂੰਆਂ ਦਾ' ਵੈੱਲਫੇਅਰ ਸੁਸਾਇਟੀ ਤੇ ਪੰਜਾਬ ਰਾਜ ਦਿਹਾਤੀ ਅਜੀਵਿਕਾ ਮਿਸ਼ਨ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ।

# ਭਾਰਤ ਜੋੜੋ ਯਾਤਰਾ ਨੂੰ ਲੈ ਕੇ ਬਲਜੀਤ ਕੌਰ ਬੰਗੜ ਵੱਲੋਂ ਪਿੰਡਾਂ ਦਾ ਦੌਰਾ

**ਮਮਦੋਟ (ਹਰਪਾਲ ਸਿੰਘ ਸੋਢੀ)**-ਰਾਹੁਲ ਗਾਂਧੀ ਦੁਆਰਾ ਸ਼ੁਰੂ ਕੀਤੀ ਗਈ ਭਾਰਤ ਜੋੜੋ ਯਾਤਰਾ ਦਾ ਪੰਜਾਬ ਵਿੱਚ ਪਹੁੰਚਣ ਨੂੰ ਲੈ ਕੇ ਹਲਕਾ ਇੰਚਾਰਜ ਆਸ਼ੂ ਬੰਗੜ ਦੇ ਸਪੁਤਨੀ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬੀਬਾ ਬਲਜੀਤ ਕੌਰ ਬੰਗੜ ਨੇ ਮਮਦੋਟ ਬਲਾਕ ਦੇ ਪਿੰਡ ਰਾਉਕੇ ਹਿਠਾੜ, ਹਜ਼ਾਰਾ ਸਿੰਘ ਵਾਲਾ, ਮਮਦੋਟ ਉਤਾੜ, ਹਰੀਮੇ ਕੇ ਉਤਾੜ, ਛਾਂਗਾ ਖੁਰਦ, ਕਾਲੂ ਅਰਾਈਂ ਹਿਠਾੜ, ਮੁਰਕ ਵਾਲਾ, ਪੋਜੋ ਕੇ, ਟਿੱਬੀ ਕਲਾਂ ਆਦਿ ਦਰਜ਼ਨਾਂ ਤੋਂ ਵੱਧ ਪਿੰਡਾਂ 'ਚ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਦੌਰਾਨ ਭਾਰਤ ਜੋੜੋ ਯਾਤਰਾ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਕੀਤੀ।

ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਸਰਪੰਚ ਮੁਖਤਿਆਰ ਸਿੰਘ ਦੇ ਗ੍ਰਹਿ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ 10 ਜਨਵਰੀ ਨੂੰ ਪੰਜਾਬ ਵਿੱਚ ਦਾਖਲ ਹੋਵੇਗੀ ਤੇ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਰਕਰਾਂ ਨੂੰ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਹੋਣ ਦਾ ਸਮਾਂ ਦਸੂਹਾ ਵਿਖੇ ਦਿੱਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸਮੂਹ ਕਾਂਗਰਸੀ ਵਰਕਰ 16 ਜਨਵਰੀ ਨੂੰ ਦੁਪਹਿਰ 12 ਵਜੇ ਕਾਂਗਰਸ ਦਫਤਰ ਫਿਰੋਜ਼ਪੁਰ ਛਾਉਣੀ ਤੋਂ ਦਸੂਹੇ ਲਈ ਕਾਫਲੇ ਦੇ ਰੂਪ ਰਵਾਨਾ ਹੋਣਗੇ। ਇਸ ਕਾਫਲੇ 'ਚ ਸ਼ਾਮਲ ਵਰਕਰਾਂ ਲਈ ਦਸੂਹਾ ਵਿਖੇ ਖਾਣ-ਪੀਣ ਤੇ ਰਾਤ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ 17 ਜਨਵਰੀ ਨੂੰ ਦੁਪਹਿਰ 12 ਵਜੇ ਇਸ ਕਾਫਲੇ ਦੀ ਵਾਪਸੀ ਹੋਵੇਗੀ। ਇਸ ਦੌਰੇ ਦੌਰਾਨ ਇਲਾਕੇ ਦੇ ਕਾਂਗਰਸੀ ਵਰਕਰਾਂ ਤੇ ਆਗੂਆਂ ਨੇ ਜ਼ਿਲ੍ਹਾ ਮੀਤ ਪ੍ਰਧਾਨ ਨੂੰ ਵਿਸ਼ਵਾਸ ਦੁਆਇਆ ਕਿ ਬਲਾਕ ਮਮਦੋਟ ਵਿੱਚੋਂ ਵੱਧ ਤੋਂ ਵੱਧ ਵਹੀਕਲਾਂ ਰਾਹੀਂ ਵਰਕਰ ਕਾਫਲੇ ਵਿੱਚ ਸ਼ਾਮਲ ਹੋਣਗੇ।

ਇਸ ਮੌਕੇ ਉਨ੍ਹਾ ਨਾਲ ਸੀਨੀਅਰ ਕਾਂਗਰਸੀ ਆਗੂ ਹਰਪਾਲ ਸਿੰਘ ਨੀਟਾ ਸੋਢੀ, ਗੁਰਬਖਸ਼ ਸਿੰਘ ਬਲਾਕ ਪ੍ਰਧਾਨ ਮਮਦੋਟ, ਐੱਮ ਸੀ ਬਾਜ ਸਿੰਘ, ਸਾਬਕਾ ਸਰਪੰਚ ਰੇਸ਼ਮ ਸਿੰਘ, ਸਰਪੰਚ ਮੁਖਤਿਆਰ ਸਿੰਘ ਹਜ਼ਾਰਾ ਸਿੰਘ ਵਾਲਾ, ਬਲਵੰਤ ਸਿੰਘ ਹਜ਼ਾਰਾ, ਸਰਪੰਚ ਦੀਦਾਰ ਸਿੰਘ ਚੱਕ ਖੁੰਦਰ, ਸਰਪੰਚ ਕੁਲਵੰਤ ਸਿੰਘ ਜਾਮਾ ਰਖੱਈਆ ਉਤਾੜ, ਪਿੱਪਲ ਸਿੰਘ ਮਮਦੋਟ, ਯਮਹਿੰਦਰ ਸਿੰਘ ਰਾਉਕੇ, ਖਿੰਡਾ ਸਿੰਘ ਰਾਉਕੇ, ਸਰਪੰਚ ਦਵਿੰਦਰ ਸਿੰਘ ਰਹੀਮੇ ਕੇ, ਅਜਮੇਰ ਸਿੰਘ ਮੁਰਕ ਵਾਲਾ, ਸੁੱਚਾ ਸਿੰਘ ਟਿੱਬੀ, ਤਰਸੇਮ ਸਿੰਘ ਸੰਮਤੀ ਮੈਂਬਰ ਸੱਦਰ ਕੇ, ਸਰਪੰਚ ਅਨੋਖ ਸਿੰਘ, ਪੂਰਨ ਸਿੰਘ ਮਸਤਾ ਗੱਟੀ ਨੰਬਰ 1, ਆਜ਼ਤੀਆ ਹੰਸਾ ਸਿੰਘ ਕਾਲੂ ਅਰਾਈਂ ਹਿਠਾੜ, ਡਾ. ਗੁਰਮੀਤ ਸਿੰਘ ਛਾਂਗਾ ਖੁਰਦ, ਸਰਪੰਚ ਪਰਮਜੀਤ ਸਿੰਘ, ਸਰਪੰਚ ਰੂਪ ਸਿੰਘ, ਦਲੇਰ ਸਿੰਘ ਨੰਬਰਦਾਰ ਭੰਬਾ ਹਾਜੀ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਨੌਜਵਾਨੀ ਨੂੰ ਬਚਾਉਣ ਲਈ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣਾ ਚਾਹੀਦਾ : ਡਾ. ਬਲਜੀਤ ਕੌਰ

**ਮਲੋਟ/ਲੰਬੀ (ਓਮ ਪ੍ਰਕਾਸ਼ ਸ਼ੇਖੂ)**-ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਨਾਅਰੇ ਨੂੰ ਸਕਾਰ ਕਰਨ ਲਈ ਪੰਜਾਬ ਸਰਕਾਰ ਦੇ ਕੈਬਿਨਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਉਪਰਾਲੇ ਸਦਕਾ ਲੋਕ ਕਲਾ ਮੰਚ ਜ਼ੀਰਾ ਵੱਲੋਂ ਨਾਟਕਾਂ ਰਾਹੀਂ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੀ ਜੀਵਨੀ ਤੇ ਸਮਾਜ ਦੀਆਂ ਕੁਰੀਤੀਆਂ ਬਾਰੇ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ। ਇਸ ਮੌਕੇ ਹਜ਼ਾਰਾਂ ਹੀ ਮਲੋਟ ਵਾਸੀਆਂ ਵੱਲੋਂ ਇਸ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਿਨਟ ਮੰਤਰੀ ਡਾਕਟਰ ਬਲਜੀਤ ਕੌਰ ਨੇ ਕਿਹਾ ਕਿ ਮੁਲਕ ਵਿੱਚ ਇਹੋ ਜਿਹੇ ਹਾਲਾਤ ਬਣੇ ਹੋਏ ਹਨ ਕਿ ਦੇਸ਼ ਦੀ ਨੌਜਵਾਨੀ ਨੂੰ ਬਚਾਉਣ ਲਈ ਖਾਸ ਕਰਕੇ ਪੰਜਾਬ ਨੂੰ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜੇਕਰ ਤੁਹਾਡਾ ਯੋਗਦਾਨ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਦੇ ਪ੍ਰੋਗਰਾਮ ਪਿੰਡਾਂ ਤੇ ਸ਼ਹਿਰਾਂ ਵਿੱਚ ਹੁੰਦੇ ਰਹਿਣਗੇ। ਇਸ ਮੌਕੇ ਸਟੇਜ ਦੀ ਜ਼ਿੰਮੇਵਾਰੀ ਮਾਸਟਰ ਵਰਿੰਦਰ ਬਜਾਜ ਨੇ ਬਾਖੂਬੀ ਨਿਭਾਈ ਤੇ ਕੈਬਿਨਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਐਡਵਰਡ ਗੰਜ ਦੀ ਕਮੇਟੀ ਦੇ ਸਹਿਯੋਗ ਨਾਲ ਲੋਕ ਕਲਾ ਮੰਚ ਜ਼ੀਰਾ ਦੀ ਪੂਰੀ ਟੀਮ ਤੇ ਸੰਚਾਲਕ ਮੇਘ ਰਾਜ ਰੱਲਾ ਨੂੰ ਸਨਮਾਨਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਲਈ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਕਰਮਜੀਤ ਸ਼ਰਮਾ ਤੇ ਸਾਥੀਆਂ ਨੇ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰ ਦਿੱਤਾ। ਜ਼ਿਲ੍ਹਾ ਪ੍ਰਧਾਨ ਜਸਨ ਬਰਾੜ ਵੱਲੋਂ ਇਹ ਪ੍ਰੋਗਰਾਮ ਕਰਵਾਉਣ ਲਈ ਡਾਕਟਰ ਦਲਜੀਤ ਕੌਰ ਅਤੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਦੀ ਚਿੰਤਕ ਤੇ ਬੁੱਧੀਜੀਵੀਆਂ ਮਾਸਟਰ ਕੁਲਵਿੰਦਰ ਸਿੰਘ, ਪਾਸਟਰ ਸਵਰਨਜੀਤ ਕੁਮਾਰ, ਮਨੋਜ ਅਸੀਜਾ, ਨਗਰ ਕੌਂਸਲ ਦੇ ਪ੍ਰਧਾਨ ਸ਼ੁਭਦੀਪ ਬਿੱਟੂ, ਸਹਿਰੀ ਪ੍ਰਧਾਨ ਸ਼ਿਵਦੇਵ ਸਿੰਘ ਸ਼ਿਵਾ, ਸਤਪਾਲ ਮੋਹਲਾਂ, ਸੁਨੀਲ ਕੁਮਾਰ ਚਲਾਣਾ, ਬਲਦੇਵ ਕੁਮਾਰ ਗਗਨੇਜਾ, ਰੰਜੀਵ ਕੁਮਾਰ ਬਾਵਾ, ਮਾਸਟਰ ਜਸਪਾਲ ਸਿੰਘ ਸੇਖੂ, ਸਾਬਕਾ ਸਰਪੰਚ ਜੋਗਿੰਦਰ ਸਿੰਘ ਰੱਥੜੀਆ ਨੇ ਪ੍ਰਸੰਸਾ ਕੀਤੀ।

## ਕਾਤਰਾਂ

### ਨੈਨੋ ਯੂਰੀਆ ਖਾਦ ਦੀ ਵਰਤੋਂ ਸਾਰੀਆਂ ਫਸਲਾਂ ਲਈ ਲਾਭਦਾਇਕ : ਖੇਤੀਬਾੜੀ ਵਿਭਾਗ

**ਜਲਾਲਾਬਾਦ (ਜੀਤ ਕੁਮਾਰ)**-ਬਲਾਕ ਜਲਾਲਾਬਾਦ ਖੇਤੀਬਾੜੀ ਵਿਭਾਗ ਦੇ ਬਲਾਕ ਅਫਸਰ ਡਾ. ਹਰਪ੍ਰੀਤ ਪਾਲ ਕੌਰ, ਡਾ. ਸੰਦੀਪ ਬੱਲ, ਡਾ. ਪਰਵਿੰਦਰ ਸਿੰਘ, ਡਾ. ਗੁਰਵੀਰ ਬਰਾੜ ਨੇ ਕਿਹਾ ਕਿ ਦੇਸ਼ ਦੀ ਵੱਡੀ ਖਾਦ ਏਜੰਸੀ ਇਫਕੋ ਵੱਲੋਂ ਤਿਆਰ ਕੀਤੀ ਨੈਨੋ ਯੂਰੀਆ ਖਾਦ ਹੁਣ ਸਰਕਾਰ ਵੱਲੋਂ ਕਿਸਾਨਾਂ ਨੂੰ ਮਿਲਿਆ ਕਰੇਗੀ, ਕਿਉਂਕਿ ਨੈਨੋ ਯੂਰੀਆ ਦੀ ਵਰਤੋਂ ਸਾਰੀਆਂ ਹੀ ਫਸਲਾਂ ਲਈ ਲਾਭਦਾਇਕ ਸਾਬਿਤ ਰਹੇਗੀ। ਇਸ ਨਾਲ ਸਹਿਕਾਰੀ ਸਭਾਵਾਂ ਦੇ ਖਰਚੇ ਘੱਟਣਗੇ ਤੇ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇਗਾ। ਨੈਨੋ ਯੂਰੀਆ ਖਾਦ ਦੀ ਵਰਤੋਂ ਨਾਲ ਨਦੀਨ, ਕੀੜੇ ਵੀ ਫਸਲ ਵਿੱਚ ਘੱਟ ਹੋਣਗੇ। ਦਾਣੇਦਾਰ ਯੂਰੀਆ 46 ਪ੍ਰਤੀਸ਼ਤ ਨਾਈਟਰੋਜਨ ਤੱਤ ਵਿੱਚ ਸਿਰਫ 30 ਤੋਂ 40 ਪ੍ਰਤੀਸ਼ਤ ਅੰਦਾਜ਼ਨ ਫਾਇਦਾ ਹੁੰਦਾ ਹੈ। ਬਾਕੀ 6 ਤੋਂ 10 ਪ੍ਰਤੀਸ਼ਤ ਕਿਸੇ ਕੰਮ ਨਹੀਂ ਆਉਂਦੀ, ਬਲਕਿ ਨੈਨੋ ਯੂਰੀਆ ਮਿੱਟੀ, ਪਾਣੀ, ਹਵਾ ਸਾਡੇ ਵਾਤਾਵਰਣ ਲਈ ਵੀ ਕੋਈ ਨੁਕਸਾਨ ਨਹੀਂ ਪਹੁੰਚਾਉਂਦੀ। ਨਾਲ ਹੀ ਇਸ ਦੇ ਰੱਖ-ਰਖਾਵ ਲਈ ਕੋਈ ਗੋਦਾਮ ਦੀ ਲੋੜ ਨਹੀਂ ਪੈਂਦੀ। ਇਸ ਦੀ ਮਿੱਕਦਾਰ ਝੋਨੇ ਤੇ ਕਣਕ ਲਈ 500 ਐੱਮ.ਐੱਲ. ਪ੍ਰਤੀ ਕਿੱਲਾ ਤੇ ਘੱਟ ਨਾਈਟਰੋਜਨ ਲੈਣ ਵਾਲੀਆਂ ਫਸਲਾਂ ਜਿਵੇਂ ਮੂੰਗੀ ਆਦਿ ਲਈ 250 ਐੱਮ.ਐੱਲ. ਹੈ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ ਤੇ ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਏਕਮਜੋਤ ਸਿੰਘ ਪੁੱਤਰ ਬਲਕਰਨ ਸਿੰਘ ਵਾਸੀ ਬਠਿੰਡਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਕੇਵਲ 20 ਦਿਨਾਂ ਵਿੱਚ ਹੀ ਯਾਕਵਿਲ ਯੂਨੀਵਰਸਿਟੀ ਓਂਟਾਰੀਓ ਦਾ ਲਗਾਇਆ ਹੈ। ਇਸ ਮੌਕੇ ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਬਾਬਾ ਮੋਨੀ ਜੀ ਕਾਲਜ ਦਾ ਬੀ. ਸੀ. ਏ ਭਾਗ-1 (ਸਮੈੱਸਟਰ-2) ਦਾ ਨਤੀਜਾ ਸ਼ਾਨਦਾਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ. ਸੀ. ਏ ਭਾਗ ਪਹਿਲਾ (ਸਮੈੱਸਟਰ-ਦੂਜਾ) ਦੇ ਨਤੀਜੇ 'ਚੋਂ ਬਾਬਾ ਮੋਨੀ ਜੀ ਡਿਗਰੀ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ 'ਚੋਂ ਵੀਰਪਾਲ ਕੌਰ (85 ਫੀਸਦੀ) ਪੁੱਤਰੀ ਗੁਰਸੇਵਕ ਸਿੰਘ ਢਿੱਲਵਾਂ ਨੇ ਪਹਿਲਾ, ਹਰਮਨਪ੍ਰੀਤ ਕੌਰ (83 ਫ਼ੀਸਦੀ) ਪੁੱਤਰੀ ਮੱਖਣ ਸਿੰਘ ਲਹਿਰਾ ਖਾਨਾ ਨੇ ਦੂਜਾ ਅਤੇ ਰਮਨਦੀਪ ਕੌਰ (81.33 ਫ਼ੀਸਦੀ) ਪੁੱਤਰੀ ਜਗਸੀਰ ਸਿੰਘ ਢਪਾਲੀ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਬਾਕੀ ਸਾਰੀਆਂ ਵਿਦਿਆਰਥਣਾਂ ਨੇ ਪਹਿਲੇ ਦਰਜੇ 'ਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ, ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਨਿਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਤੇ ਐਜੂਕੇਸ਼ਨ ਵਿਭਾਗ ਦੇ ਵਾਈਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਸ਼ੁਭਕਾਮਨਾਵਾਂ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਪਰਵਿੰਦਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਕੁਲਦੀਪ ਕੌਰ, ਪ੍ਰੋ. ਸਰਬਜੀਤ ਕੌਰ ਤੇ ਪ੍ਰੋ. ਪ੍ਰਦੀਪ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

### ਧੁੰਦ ਦੇ ਮੌਸਮ 'ਚ ਸੜਕੀ ਆਵਾਜਾਈ ਨਿਯਮਾਂ ਦਾ ਪਾਲਣ ਕੀਤਾ ਜਾਵੇ : ਡੀ.ਸੀ.

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਆਈਏਐਸ ਨੇ ਧੁੰਦ ਤੇ ਸਰਦ ਲਹਿਰ ਦੇ ਮੱਦੇਜ਼ਜਰ ਜ਼ਿਲ੍ਹਾ ਵਾਸੀਆਂ ਨੂੰ ਜ਼ਰੂਰੀ ਸਾਵਧਾਨੀਆਂ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਅਪੀ

10-Jan-2023-page-11-Majha.qxd 1/9/2023 10:44 PM Page 1



# ਬੰਦ ਪਏ ਘਰ 'ਚੋਂ ਲੱਖਾਂ ਰੁਪਏ ਦੇ ਗਹਿਣੇ ਤੇ ਸਾਮਾਨ ਚੋਰੀ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਭੁੱਲੇਚੱਕੇ ਕਲੋਨੀ 'ਚ ਬੀਤੀ ਰਾਤ ਚੋਰਾਂ ਵਲੋਂ ਬੰਦ ਪਏ ਘਰ ਦੇ ਤਾਲੇ ਤੋੜ ਕੇ ਲੱਖਾਂ ਰੁਪਏ ਦੇ ਗਹਿਣੇ ਚਾਂਦੀ ਤੇ ਹੋਰ ਸਮਾਨ ਚੋਰੀ ਕੀਤੇ ਜਾਣ ਦੀ ਖਬਰ ਮਿਲੀ ਹੈ। ਪੀੜਤ ਕੰਵਲਪ੍ਰੀਤ ਸਿੰਘ ਪੁੱਤਰ ਧੰਨਾ ਸਿੰਘ ਵਾਸੀ ਭੁੱਲੇਚੱਕ ਕਲੋਨੀ ਨੇ ਦੱਸਿਆ ਕਿ ਉਹ ਬੀਤੀ ਰਾਤ ਅਪਣੇ ਪਰਿਵਾਰ ਸਮੇਤ ਰਿਸ਼ਤੇਦਾਰਾਂ ਨੂੰ ਮਿਲਣ ਗਏ ਸਨ ਅਤੇ ਜਦੋਂ ਦੂਜੇ ਦਿਨ ਘਰ ਵਾਪਸ ਆਏ ਤਾਂ ਘਰ ਦੇ ਤਾਲੇ ਟੁੱਟੇ ਪਏ ਸਨ ਅਤੇ ਘਰ ਅੰਦਰ ਪਏ ਬੈੱਡਾਂ ਦੀ ਤਲਾਸ਼ੀ ਕਰਕੇ ਸਮਾਨ ਦੀ ਫਰੋਲਾ-ਫਰਾਲੀ ਕੀਤੀ ਹੋਈ ਸੀ ਜਿਸ ਵਿਚੋਂ 9/10 ਤੋਲੇ ਸੋਨਾ ਅਤੇ 800 ਗ੍ਰਾਮ ਤੇ ਕਰੀਬ ਚਾਂਦੀ, ਇਕ ਲੈਪਟਾਪ, ਤਿੰਨ ਮੋਬਾਇਲ ਗਾਇਬ ਸਨ ਜੋ ਚੋਰ ਲੈ ਗਏ। ਇਸ ਦੇ ਨਾਲ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਇਸ ਘਟਨਾ ਦੀ ਥਾਣਾ ਤਿੱਬੜ ਵਿਖੇ ਰਿਪੋਰਟ ਦਰਜ ਕਰਵਾ ਦਿੱਤੀ ਹੈ ਅਤੇ ਪੁਲਸ ਨੇ ਪੀੜਤ ਪਰਿਵਾਰ ਦੇ ਬਿਆਨਾਂ ਤੇ ਚੋਰਾਂ ਖਿਲਾਫ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

ਪਰਿਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਪਹਿਲਾਂ ਵੀ ਪਿੰਡ ਅੰਦਰ ਕਈ ਵਾਰ ਚੋਰੀਆਂ ਹੋਈਆਂ ਸਨ ਅਤੇ ਪੁਲਸ ਕਿਸੇ ਨੂੰ ਫੜ ਨਹੀਂ ਸਕੀ। ਉਨ੍ਹਾਂ ਨੇ ਜ਼ਿਲਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਸਾਡੇ ਘਰ ਵਿਚ ਹੋਈ ਚੋਰੀ ਦਾ ਸਮਾਨ ਲਭਾਉਣ ਵਾਸਤੇ ਤਿੱਬੜ ਪੁਲਸ ਨੂੰ ਹਦਾਇਤ ਕੀਤੀ ਜਾਵੇ ਜਦੋਂਕਿ ਚੋਰ ਸਾਰੇ ਲੋਕਲ ਹੀ ਦੱਸੇ ਜਾ ਰਹੇ ਹਨ।

# ਛੱਤੀਸਗੜ੍ਹ ਤੋਂ ਆਏ ਵਿਦਿਆਰਥੀਆਂ ਜਲ੍ਹਿਆਂਵਾਲਾ ਬਾਗ ਦੇਖਿਆ

ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)-ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੋਈ। ਇਸ ਮੌਕੇ ਜਲ੍ਹਿਆਂਵਾਲਾ ਬਾਗ ਨੂੰ ਦੇਖਣ ਛੱਤੀਸਗੜ੍ਹ ਤੋਂ ਵਿਦਿਆਰਥੀ ਜੋ ਕ੍ਰਿਕਟ ਅਤੇ ਹਾਕੀ ਦੇ ਪਲੇਅਰ ਸਨ, ਦੇਖਣ ਆਏ ਹੋਏ ਸਨ। ਜਦੋਂ ਉਨ੍ਹਾਂ ਇਥੋਂ ਦੇ ਸਾਕੇ ਅਤੇ ਇਥੇ ਸ਼ਹੀਦ ਹੋਏ ਲੋਕਾਂ ਬਾਰੇ ਸੁਣਿਆ ਤਾਂ ਉਨ੍ਹਾਂ ਦਾ ਮਨ ਭਰ ਆਇਆ। ਉਨ੍ਹਾਂ ਨੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਏ ਤੇ ਬੰਦੇ ਮਾਤਰਮ ਵੀ ਵਾਰ-ਵਾਰ ਕਿਹਾ। ਲੋਕ ਇਨਸਾਫ ਪ੍ਰੈੱਸ ਦੀ ਟੀਮ ਨਾਲ ਉਨ੍ਹਾਂ ਯਾਦਗਾਰੀ ਫੋਟੋ ਖਿਚਵਾਈ ਤੇ ਕਿਹਾ ਕਿ ਜਦ ਵੀ ਅਸੀਂ ਇਹ ਫੋਟੋ ਦੇਖਾਂਗੇ ਤਾਂ ਸਾਡੀ ਇਸ ਇਤਿਹਾਸਕ ਸਥਾਨ ਦੀ ਯਾਦ ਤਾਜ਼ਾ ਹੋਵੇਗੀ। ਮੀਟਿੰਗ ਦੌਰਾਨ ਲੋਕ ਇਨਸਾਫ ਦੀ ਟੀਮ ਨੇ ਆ ਰਹੀਆਂ ਸਮਾਜਿਕ ਮੁਸ਼ਕਲਾਂ 'ਤੇ ਵਿਚਾਰ ਸਾਂਝੇ ਕੀਤੇ ਅਤੇ ਕੁਝ ਮਤੇ ਵੀ ਪਾਸ ਕੀਤੇ। ਇਸ ਮੌਕੇ ਪੱਤਰਕਾਰ ਮਨਜੀਤ ਸਿੰਘ ਮਿੰਟੂ, ਜੀਵਨ ਸ਼ਰਮਾ, ਮਨਪ੍ਰੀਤ ਸਿੰਘ ਵਿੱਕੀ, ਅਮਨ, ਜਸਬੀਰ ਸਿੰਘ, ਦੀਪਕ, ਰਾਜਬੀਰ ਸਿੰਘ, ਚਾਂਦ ਅਤੇ ਸਿਮਰਨ ਅਠਵਾਲ ਆਦਿ ਹਾਜ਼ਰ ਸਨ।

# ਡੀ ਈ ਓ ਭਾਟੀਆ ਨੇ ਕੀਤਾ ਵੱਖ-ਵੱਖ ਸਰਕਾਰੀ ਸਕੂਲਾਂ ਦਾ ਦੌਰਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਜ਼ਿਲ੍ਹਾ ਸਿੱਖਿਆ ਅਫਸਰ ਸੈਕੰ:/ਐਲੀ: ਅਮਰਜੀਤ ਸਿੰਘ ਭਾਟੀਆ ਵੱਲੋਂ ਅੱਜ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ ਦੇ ਪਹਿਲੇ ਦਿਨ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਅਧਿਆਪਕਾਂ ਅਤੇ ਅੱਠਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਮਿਸ਼ਨ 100% ਗਿਵ ਯੂਅਰ ਬੈਸਟ ਦੀ ਪ੍ਰਾਪਤੀ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਡੀਈਓ ਭਾਟੀਆ ਨੇ ਦੱਸਿਆ ਕਿ ਨਵੇਂ ਸਾਲ ਦੇ ਪਹਿਲੇ ਦਿਨ ਸਾਰੇ ਸਰਕਾਰੀ ਸਕੂਲਾਂ ਅਧਿਆਪਕਾਂ ਅਤੇ ਅੱਠਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨਾਲ ਰੂਬਰੂ ਹੋਣ ਲਈ ਉਨ੍ਹਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਗਰਮੂਧੀਆਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਨੰਗਲ, ਸਰਕਾਰੀ ਪ੍ਰਾਇਮਰੀ ਸਕੂਲ ਆਲੇਚੱਕ, ਸਰਕਾਰੀ ਪ੍ਰਾਇਮਰੀ ਸਕੂਲ ਹੇਮਰਾਜਪੁਰ, ਸਰਕਾਰੀ ਮਿਡਲ ਹੇਮਰਾਜਪੁਰ, ਸਰਕਾਰੀ ਹਾਈ ਸਕੂਲ ਹਯਾਤ ਨਗਰ, ਸਰਕਾਰੀ ਪ੍ਰਾਇਮਰੀ ਸਕੂਲ ਹਯਾਤ ਨਗਰ ਵਿਜ਼ਟ ਕਰਕੇ ਮਿਸ਼ਨ 100% ਗਿਵ ਯੂਅਰ ਬੈਸਟ, ਚਾਇਨਾ ਡੋਰ ਦਾ ਇਸਤੇਮਾਲ ਨਾ ਕਰਨ, ਬੋਰਡ ਦੇ ਹੋ ਰਹੇ ਪੇਪਰਾਂ, ਸਕੂਲ ਵਿੱਚ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਯੋਜਨਾਬੰਦ ਤਰੀਕੇ ਨਾਲ ਪੜ੍ਹਾਈ ਕਰਨ ਸਬੰਧੀ ਵਿਸਥਾਰ ਸਾਹਿਤ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਮਿਸ਼ਨ 100% ਗਿਵ ਯੂਅਰ ਬੈਸਟ ਅਤੇ ਬੋਰਡ ਦੇ ਪੇਪਰਾਂ ਦੀ ਤਿਆਰੀ ਲਈ ਹੁਣ ਤੋਂ ਹੀ ਸਮਾਂ ਸਾਰਣੀ ਨੂੰ ਮੁੱਖ ਰੱਖਦਿਆਂ ਯੋਜਨਾਬੱਧ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਨਤੀਜੇ ਸੌ ਫੀਸਦੀ ਪ੍ਰਾਪਤ ਕੀਤੇ ਜਾ ਸਕਣ। ਇਸ ਦੇ ਨਾਲ ਨਾਲ ਉਨ੍ਹਾਂ ਵਿਦਿਆਰਥੀਆਂ ਨੂੰ ਚਾਇਨਾ ਡੋਰ ਨਾ ਇਸਤੇਮਾਲ ਕਰਨ ਪ੍ਰਤੀ ਵੀ ਜਾਗਰੂਕ ਕੀਤਾ। ਇਸ ਦੌਰਾਨ ਉਨ੍ਹਾਂ ਹਾਜ਼ਰ ਅਧਿਆਪਕਾਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਵਿਦਿਆਰਥੀਆਂ ਦੀ ਹਾਜ਼ਰੀ ਸੌ ਪ੍ਰਤੀਸ਼ਤ ਯਕੀਨੀ ਬਣਾਉਣ ਲਈ ਕਿਹਾ। ਇਸ ਮੌਕੇ ਬੀਪੀਈਓ ਗੁਰਇਕਬਾਲ ਸਿੰਘ ਗੋਰਾਇਆ, ਬਲਾਕ ਸਪੋਰਟਸ ਅਫਸਰ ਕਰਮਜੀਤ ਸਿੰਘ, ਸਟੈਨੋ ਅਮਨ ਗੁਪਤਾ ਆਦਿ ਹਾਜ਼ਰ ਸਨ।

# ਸਰਕਾਰੀ ਕਣਕ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਪੁਰਾਣਾ ਸ਼ਾਲਾ ਪੁਲਸ ਨੇ ਸਰਕਾਰੀ ਕਣਕ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ ਹੇਠ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ। ਏਐੱਸਆਈ ਜਗਦੀਸ਼ ਸਿੰਘ ਨੇ ਦੱਸਿਆ ਕਿ ਵਿਨੋਦ ਕੁਮਾਰ ਖੋਸਲਾ ਇੰਸਪੈਕਟਰ ਫੂਡ ਸਪਲਾਈ ਪੁੱਤਰ ਸ਼ਿਵ ਦਿਆਲ ਵਾਸੀ ਖਾਲਸਾ ਐਵੀਨਿਊ ਅਮ੍ਰਿਤਸਰ ਫਲਾਇੰਗ ਸਕੁਐਡ ਡਵੀਜ਼ਨ ਜਲੰਧਰ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਨੇ ਸਮੇਤ ਦਵਿੰਦਰ ਸਿੰਘ ਸੁਪਰਵਾਈਜ਼ਰ ਪਨਗ੍ਰੇਨ ਨਾਲ ਇਲਾਕੇ ਵਿਚ ਸਰਕਾਰੀ ਅਨਾਜ ਦੀ ਕਾਲਾ ਬਜ਼ਾਰੀ ਰੋਕਣ ਦੇ ਸਿਲਸਿਲੇ ਵਿਚ ਮਿਤੀ 7 ਜਨਵਰੀ 2023 ਨੂੰ ਦੌਰਾਨੇ ਚੈਕਿੰਗ ਇਕ ਟਰੱਕ ਨੰਬਰ ਪੀਬੀ 06ਐੱਮ2009 ਸੀਤਲ ਟ੍ਰੈਡਿਗ ਕੰਪਨੀ ਪੁਰਾਣਾਂ ਸ਼ਾਲਾ ਜਿਸ ਵਿਚ 178-85 ਕੁਇੰਟਲ ਕਣਕ ਲੋਡ ਸੀ ਤੇ ਰਵੀ ਕੁਮਾਰ ਦੀ ਦੁਕਾਨ ਤੇ ਛਾਪਾ ਮਾਰ ਕੇ ਉਕਤ ਟਰੱਕ ਨੂੰ ਜ਼ਬਤ ਕਰਕੇ ਪੁਰਾਣਾਂ ਸ਼ਾਲਾ ਪੁਲਸ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਦੋਸ਼ੀ ਰਵੀ ਮਹਾਜਨ ਪੁੱਤਰ ਤਰਸੇਮ ਲਾਲ ਵਾਸੀ ਪੁਰਾਣਾ ਸ਼ਾਲਾ ਪੁਲਸ ਨੂੰ ਕੋਈ ਵੀ ਰਿਕਾਰਡ ਪੇਸ਼ ਨਹੀਂ ਕਰ ਸਕਿਆ। ਏਐੱਸਆਈ ਜਗਦੀਸ਼ ਸਿੰਘ ਨੇ ਦੱਸਿਆ ਕਿ ਉਕਤ ਕਣਕ ਸਰਕਾਰੀ ਹੈ ਜੋ ਰਾਸ਼ਨ ਡਿਪੂਆਂ ਅਤੇ ਮਿਡ ਡੇ ਮੀਲ ਅਧੀਨ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਜਾਰੀ ਕੀਤੀ ਗਈ ਹੈ ਅਤੇ ਜਿਸ ਨੂੰ ਰਵੀ ਮਹਾਜਨ ਅਤੇ ਹੋਰ ਨਾਮਾਲੂਮ ਵਿਅਕਤੀਆਂ ਵਲੋਂ ਪ੍ਰਾਈਵੇਟ ਬੋਰੀਆਂ ਵਿਚ ਭਰ ਕੇ ਬਲੈਕ ਮਾਰਕੀਟ ਵਿਚ ਵੇਚਿਆ ਜਾਂਦਾ ਹੈ। ਸ਼ਾਲਾ ਪੁਲਸ ਨੇ ਰਵੀ ਮਹਾਜਨ ਖਿਲਾਫ ਮੁਕੱਦਮਾ ਨੰਬਰ 1 ਮਿਤੀ-8-01-23 ਤਹਿਤ ਜ਼ੇਰੇ ਧਾਰਾ 379, 411 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ ਜਦੋਂਕਿ ਸ਼ਾਲਾ ਪੁਲਸ ਨੇ ਟਰੱਕ ਅਪਣੇ ਕਬਜ਼ੇ ਵਿਚ ਲੈ ਲਿਆ ਹੈ ਅਤੇ ਦੋਸ਼ੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ।

# ਪ੍ਰਧਾਨ ਮੰਤਰੀ ਕੇਅਰ ਫੰਡ ਫਾਰ ਚਿਲਡਰਨਜ਼ ਅਧੀਨ ਬੱਚਿਆਂ ਨੂੰ ਮਿਲੇਗੀ 10 ਲੱਖ ਦੀ ਵਿੱਤੀ ਸਹਾਇਤਾ : ਡੀ ਸੀ

ਤਰਨਤਾਰਨ (ਪ੍ਰਿਤਪਾਲ ਸਿੰਘ)-ਡਿਪਟੀ ਕਮਿਸ਼ਨਰ ਤਰਨਤਾਰਨ ਗਿਸ਼ੀਪਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤਰਨਤਾਰਨ ਵਲੋਂ ਜ਼ਿਲ੍ਹੇ ਵਿੱਚ ਅਨਾਥ ਅਤੇ ਏਕਲ ਮਾਤਾ-ਪਿਤਾ ਵਾਲੇ ਬੱਚਿਆਂ ਲਈ ਪੂਰਨ ਯਤਨ ਕੀਤੇ ਗਏ, ਜਿਸ ਵਿੱਚ ਇਨ੍ਹਾਂ ਬੱਚਿਆਂ ਦੀ ਲਾਕਡਾਊਨ ਦੋਰਾਨ ਸਿੱਖਿਆ ਨੂੰ ਰੈਗੂਲਰ, ਬੱਚਿਆਂ ਅਤੇ ਬੱਚਿਆਂ ਦੇ ਪਰਿਵਾਰਾਂ ਨੂੰ ਰਾਸ਼ਨ ਅਤੇ ਹੋਰ ਲੋੜੀਂਦਾ ਸਮਾਨ ਚਾਈਲਡ ਹੈਲਪਲਾਈਨ 1098 ਦੀ ਸਹਾਇਤਾ ਨਾਲ ਯਕੀਨੀ ਬਣਾਇਆ ਗਿਆ ਹੈ।

ਉਨ੍ਹਾਂ ਨੇ ਦੱਸਿਆ ਕਿ ਕੋਰੋਨਾ ਮਹਾਂਮਾਰੀ ਦੌਰਾਨ ਜ਼ਿਲ੍ਹੇ ਵਿੱਚ ਕੁਲ 64 ਬੱਚੇ ਏਕਲ ਮਾਤਾ-ਪਿਤਾ ਅਤੇ 3 ਅਨਾਥ ਬੱਚੇ ਮਿਲੇ ਜਿਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਕੀਮਾਂ ਜਿਵੇਂ ਕਿ 1500 ਰੁਪਏ ਪੈਨਸ਼ਨ, 50,000 ਰੁਪਏ ਐਕਸ ਗਰੇਸ਼ੀਆ ਗ੍ਰਾਂਟ, 5 ਲੱਖ ਦਾ ਸਰਬੱਤ ਸਿਹਤ ਬੀਮਾ, ਰਾਸ਼ਨ, ਆਸ਼ੀਰਵਾਦ ਸਕੀਮ, ਮੁਹੱਈਆ ਕਰਵਾਈ ਗਈ। ਇਸ ਤੋਂ ਇਲਾਵਾ 3 ਅਨਾਥ ਬੱਚਿਆਂ ਨੂੰ ਪ੍ਰਧਾਨ ਮੰਤਰੀ ਕੇਅਰ ਫੰਡ ਫਾਰ ਚਿਲਡਰਨ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਲਾਭ ਦਿੱਤਾ ਗਿਆ ਅਤੇ ਇਨ੍ਹਾਂ ਬੱਚਿਆਂ ਦੀ ਸਕੂਲਾਂ ਵਿੱਚ ਫੀਸ ਮਾਫ਼ ਕਰਵਾਈ ਗਈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਤਰਨਤਾਰਨ ਦੇ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਅਜਿਹੇ ਬੱਚੇ ਜਿਨ੍ਹਾਂ ਦੇ ਮਾਤਾ-ਪਿਤਾ ਦੀ ਮੌਤ ਮਿਤੀ 28 ਫਰਵਰੀ, 2022 ਤੋਂ ਪਹਿਲਾਂ ਕਰੋਨਾ ਕਾਲ ਵਿੱਚ ਹੋਣ ਕਰਕੇ ਅਨਾਥ ਹੋ ਗਏ ਹਨ, ਉਸ ਦੀ ਸੂਚਨਾ ਤੁਰੰਤ ਕਮਰਾ ਨੰ 311, ਤੀਜੀ ਮੰਜ਼ਿਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨਤਾਰਨ ਜਾਂ ਬਾਲ ਸੁਰੱਖਿਆ ਅਫਸਰ ਦੇ ਮੋਬਾਇਲ ਨੰਬਰ 9463903411 'ਤੇ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਜਿਹੜੇ ਬੱਚੇ ਕਿਸੇ ਕਾਰਨ ਪ੍ਰਧਾਨ ਮੰਤਰੀ ਕੇਅਰ ਫੰਡ ਫਾਰ ਚਿਲਡਰਨ ਸਕੀਮ ਦਾ ਲਾਭ ਲੈਣ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਦੇ ਫਾਰਮ ਭਰਨ ਲਈ ਸੂਚਨਾ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਤਰਨਤਾਰਨ ਨੂੰ ਭੇਜੀ ਜਾਵੇ, ਜਿਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਫਾਰਿਸ਼ ਕਰਕੇ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਨੂੰ ਭੇਜਿਆ ਜਾਵੇਗਾ ਤਾਂ ਜੋ ਇਨ੍ਹਾਂ ਬੱਚਿਆਂ ਨੂੰ 10 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਸਕੇ ਅਤੇ ਨਾਲ ਹੀ ਇਨ੍ਹਾਂ ਦੀ ਸਿੱਖਿਆ ਲਈ ਸਲਾਨਾ 20,000 ਰੁਪਏ ਸਕਾਲਰਸ਼ਿਪ ਅਤੇ 50,000 ਰੁਪਏ ਐਕਸ ਗਰੇਸ਼ੀਆ ਗ੍ਰਾਂਟ ਅਤੇ 1500 ਰੁਪਏ ਮਹੀਨਾ ਪੈਨਸ਼ਨ ਦਾ ਲਾਭ ਵੀ ਦਿੱਤਾ ਜਾ ਸਕੇ।

# ਜਮਹੂਰੀ ਕਿਸਾਨ ਸਭਾ ਵੱਲੋਂ ਏਰੀਆ ਕਮੇਟੀ ਨੌਸ਼ਹਿਰਾ ਪਨੂੰਆਂ ਦੀ ਚੋਣ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਜਮਹੂਰੀ ਕਿਸਾਨ ਸਭਾ ਪੰਜਾਬ ਦਾ ਏਰੀਆ ਨੌਸ਼ਹਿਰਾ ਪਨੂੰਆਂ ਦਾ ਡੈਲੀਗੇਟ ਅਜਲਾਸ ਪਿੰਡ ਭੱਠਲ ਭਾਈਕੇ ਵਿੱਖੇ ਹੋਇਆ। ਅਜਲਾਸ ਦਾ ਉਦਘਾਟਨ ਕਰਦਿਆਂ ਜ਼ਿਲ੍ਹਾ ਸਕੱਤਰ ਜਸਪਾਲ ਸਿੰਘ ਝਬਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿੱਚ ਨੀਤੀਆਂ ਘੜ ਰਹੀ ਹੈ। ਸਾਡੇ ਦੇਸ਼ ਜਨਤਕ ਖੇਤਰ ਦੇ ਅਦਾਰੇ ਅਤੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਹਵਾਲੇ ਕੀਤਾ ਜਾ ਰਿਹਾ ਹੈ। ਕਿਸਾਨਾਂ, ਮਜ਼ਦੂਰਾਂ ਦੇ ਹਿੱਤਾਂ ਦੀ ਬਲੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਨੂੰ ਪ੍ਰਣਾਈ ਮਜ਼ਬੂਤ ਕਿਸਾਨ ਜਥੇਬੰਦੀ ਦੀ ਲੋੜ ਹੈ। ਜ਼ਿਲ੍ਹਾ ਆਗੂ ਮਨਜੀਤ ਸਿੰਘ ਬੱਗੂ ਨੇ ਇਤਿਹਾਸਕ ਕਿਸਾਨ ਅੰਦੋਲਨ ਅਤੇ ਖੇਤੀ ਵਿਰੋਧੀ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਬਲਵਿੰਦਰ ਸਿੰਘ ਫੇਲੋਕੇ ਨੇ ਜਥੇਬੰਦੀ ਦੀਆਂ ਪਿੰਡ ਪਿੰਡ ਇਕਾਈਆਂ ਬਣਾਉਣ ਅਤੇ 26 ਜਨਵਰੀ ਦੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੀਤੇ ਜਾ ਰਹੇ ਐਕਸ਼ਨਾਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਰੇਸ਼ਮ ਸਿੰਘ ਫੇਲੋਕੇ ਨੇ ਨਵੀਂ ਕਮੇਟੀ ਦਾ ਪੈਨਲ ਪੇਸ਼ ਕੀਤਾ ਜਿਸ ਵਿੱਚ ਕਮੇਟੀ ਦੇ ਪ੍ਰਧਾਨ ਸਵਿੰਦਰ ਸਿੰਘ ਖੱਬੇ ਪ੍ਰਧਾਨ, ਰਸਾਲ ਸਿੰਘ ਮੀਤ ਪ੍ਰਧਾਨ, ਸਵਿੰਦਰ ਸਿੰਘ ਭੱਠਲ ਸਕੱਤਰ ਅਤੇ ਦਲੇਰ ਸਿੰਘ ਫੇਲੋਕੇ ਖਜ਼ਾਨਚੀ ਅਤੇ 14 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ।

# ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਵੱਲੋਂ 'ਦਿਲ ਦੇ ਵਲਵਲੇ' ਲੋਕ ਅਰਪਣ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੇ ਸੰਚਾਲਕ ਮੈਡਮ ਨਿਰਮਲ ਕੌਰ ਕੋਟਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਮੈਡਮ ਬਲਵਿੰਦਰ ਕੌਰ ਪੰਧੇਰ ਦੀ ਪਲੇਠੀ ਕਿਤਾਬ ਦਿਲ ਦੇ ਵਲਵਲੇ ਉਨ੍ਹਾਂ ਦੇ ਨਿਵਾਸ ਸਥਾਨ ਦੇਵੀ ਨਗਰ ਸਾਹਮਣੇ ਸਪਰਿੰਗ ਡੇਲ ਸਕੂਲ ਫਤਿਹਗੜ੍ਹ ਚੂੜੀਆਂ ਰੋਡ ਵਿਖੇ ਲੋਕ ਅਰਪਣ ਕੀਤੀ ਗਈ। ਇਸ ਮੌਕੇ ਵੱਖ-ਵੱਖ ਸਾਹਿਤ ਸਭਾਵਾਂ ਦੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ ਜਿਸ ਵਿੱਚ ਆਲਮੀ ਪੰਜਾਬੀ ਫਾਊਂਡੇਸ਼ਨ ਦੇ ਪ੍ਰਧਾਨ ਸਰਦਾਰ ਭੁਪਿੰਦਰ ਸਿੰਘ ਸੰਧੂ, ਚੋਗਾਵਾਂ ਸਾਹਿਤ ਸਭਾ ਦੇ ਪ੍ਰਧਾਨ ਧ

10-Jan-PAGE-12.qxd 1/9/2023 10:41 PM Page 1



# ਜੋਸ਼ੀਮੱਠ ਜ਼ਮੀਨ 'ਚ ਸਮਾਉਣ ਦੀ ਕਗਾਰ 'ਤੇ

ਬਦਰੀਨਾਥ ਧਾਮ ਅਤੇ ਹੇਮਕੁੰਟ ਵੱਲ ਜਾਂਦਿਆਂ ਇੱਕ ਪਹਾੜੀ ਕਸਬਾ ਪੈਂਦਾ ਹੈ, ਜਿਸ ਨੂੰ ਜੋਸ਼ੀਮੱਠ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਧਾਰਮਕ ਕਿਤਾਬਾਂ 'ਚ ਜੇਕਰ ਇਸ ਨੂੰ ਖੰਘਾਲੋਗੇ ਤਾਂ ਇਸ ਜੋਸ਼ੀਮੱਠ ਨੂੰ ਪਹਿਲਾਂ 'ਜੋਤੀਮੱਠ' ਵੀ ਕਿਹਾ ਜਾਂਦਾ ਸੀ। ਇਹ ਉਹੀ ਜੋਸ਼ੀਮੱਠ ਹੈ, ਜਿਸ ਨੂੰ ਆਦਿ ਸ਼ੰਕਰਾਚਾਰੀਆ ਨੇ ਵਸਾਇਆ ਅਤੇ ਚਾਰ ਮੱਠਾਂ 'ਚੋਂ ਇੱਕ ਹੈ ਜੋਸ਼ੀਮੱਠ। 6150 ਫੁੱਟ ਦੀ ਉਚਾਈ 'ਤੇ ਪਹਾੜੀ ਦੀ ਉਤਰਾਈ 'ਤੇ ਬਨਸਪਤੀ ਤੋਂ ਸੱਖਣੇ ਬਰਫੀਲੇ ਪਹਾੜ ਨੂੰ ਦੇਖ ਕੇ ਤੁਹਾਡੀਆਂ ਨਜ਼ਰਾਂ ਖੁੱਲ੍ਹੀਆਂ ਰਹਿ ਜਾਂਦੀਆਂ ਹਨ। ਇਸ ਖੂਬਸੂਰਤ ਸ਼ਹਿਰ ਦੇ ਨਾਲ-ਨਾਲ ਇੱਥੇ ਰੋਮਾਂਚ ਦਾ ਅਹਿਸਾਸ ਵੀ ਤੁਹਾਨੂੰ ਮਿਲਦਾ ਹੈ, ਪਰ ਹੁਣ ਇਸ ਸ਼ਹਿਰ ਦਾ ਧਰਤੀ 'ਚ ਸਮਾਅ ਜਾਣ ਦਾ ਡਰ ਬਣਿਆ ਹੋਇਆ ਹੈ। ਲਗਾਤਾਰ ਇਸ ਦੀ ਜ਼ਮੀਨ ਧੱਸ ਰਹੀ ਹੈ। ਉਥੋਂ ਆ ਰਹੀਆਂ ਤਸਵੀਰਾਂ ਡਰਾ ਰਹੀਆਂ ਹਨ ਕਿ ਇਹ ਇਤਿਹਾਸਕ ਸ਼ਹਿਰ ਸ਼ਾਇਦ ਕਾਗਜ਼ਾਂ ਦੇ ਪੰਨਿਆਂ 'ਚ ਰਹਿ ਜਾਵੇਗਾ। ਵੈਸੇ ਕਿਸੇ ਭੂਚਾਲ ਕਾਰਨ ਤਰੇੜਾਂ ਨਹੀਂ ਆ ਰਹੀਆਂ ਤੇ ਨਾਲ ਹੀ ਕੋਈ ਬਰਫੀਲੇ ਤੋਦੇ ਡਿੱਗਣ ਕਾਰਨ ਹੋਇਆ ਹੈ, ਬਲਕਿ ਇਹ ਤਾਂ ਇੱਕ ਤਰ੍ਹਾਂ ਦਾ ਮੈਨ ਮੇਡ ਡਿਜ਼ਾਸਟਰ ਹੈ, ਸਰਕਾਰਾਂ ਅਤੇ ਕੰਪਨੀਆਂ ਦੀਆਂ ਗਲਤੀਆਂ ਦਾ ਨਤੀਜਾ।

ਇੱਕ ਰਿਪੋਰਟ ਦੱਸਦੀ ਹੈ ਕਿ ਪਿਛਲੇ ਦੋ ਦਹਾਕਿਆਂ 'ਚ ਜੋਸ਼ੀਮੱਠ 'ਚ ਅਣਚਾਹੇ ਤਰੀਕੇ ਨਾਲ ਵਿਕਾਸ ਹੋਇਆ ਹੈ। ਇਸ ਲਈ ਕੋਈ ਮਜ਼ਬੂਤ ਨੀਤੀ ਨਹੀਂ ਤਿਆਰ ਕੀਤੀ ਗਈ, ਜਿਸ ਕਾਰਨ ਪਾਣੀ ਦੇ ਨਿਕਾਸ ਦਾ ਪ੍ਰਬੰਧ ਸਹੀ ਨਹੀਂ ਹੋ ਸਕਿਆ। ਇਸ 'ਚ ਮਾਨਸੂਨ ਦੌਰਾਨ ਬਾਰਿਸ਼ ਅਤੇ ਪੂਰੇ ਸਾਲ ਘਰਾਂ 'ਚੋਂ ਨਿਕਲਣ ਵਾਲਾ ਪਾਣੀ ਨਦੀਆਂ 'ਚ ਜਾਣ ਦੀ ਬਜਾਏ ਜ਼ਮੀਨ ਦੇ ਅੰਦਰ ਹੀ ਜਾ ਰਿਹਾ ਹੈ। ਇਹ ਵੀ ਭੂ-ਧਸਣ ਦਾ ਇੱਕ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਸਾਲ 2006 'ਚ ਜੋਸ਼ੀਮੱਠ 'ਤੇ ਅਧਿਐਨ ਕਰਨ ਵਾਲੇ ਇੱਕ ਡਾ. ਸਪਨਾਮਿਤਾ ਚੌਧਰੀ ਨੇ ਇੱਕ ਰਿਪੋਰਟ ਸਰਕਾਰ ਨੂੰ ਪੇਸ਼ ਕਰਕੇ ਚੇਤਾਵਨੀ ਦਿੱਤੀ ਸੀ ਕਿ ਪਾਣੀ ਦੇ ਨਿਕਾਸ ਦੀ ਵਿਵਸਥਾ ਸਹੀ ਨਾ ਹੋਣ ਕਾਰਨ ਨਾਲੇ, ਨਾਲੀਆਂ ਦਾ ਪਾਣੀ ਜ਼ਮੀਨ ਦੇ ਅੰਦਰ ਜਾ ਰਿਹਾ ਹੈ।

ਜੋਸ਼ੀਮੱਠ ਦਾ ਰਿਸ਼ਤਾ ਇਤਿਹਾਸ ਦੀ ਇੱਕ ਹੋਰ ਵੱਡੀ ਘਟਨਾ ਨਾਲ ਹੈ। ਜੋਸ਼ੀਮੱਠ ਤੋਂ ਕੋਈ 15-20 ਕਿਲੋਮੀਟਰ ਦੂਰ ਰੈਣੀ ਨਾਂਅ ਦਾ ਪਿੰਡ ਪੈਂਦਾ ਹੈ। ਮਾਰਚ 1974 'ਚ ਇਸੇ ਪਿੰਡ ਦੀ ਗੌਰਾ ਦੇਵੀ ਪਿੰਡ ਦੀਆਂ ਔਰਤਾਂ ਨੂੰ ਲੈ ਕੇ ਜੰਗਲ ਗਈ ਅਤੇ ਉਹ ਸਾਰੀਆਂ ਦਰੱਖਤਾਂ ਨੂੰ ਲਿਪਟ ਗਈਆਂ। ਦਰੱਖਤ ਕੱਟਣ ਵਾਲੇ ਲੋਕਾਂ ਨੂੰ ਉਨ੍ਹਾਂ ਕਿਹਾ, 'ਜੇਕਰ ਦਰੱਖਤ ਕੱਟਣੇ ਹਨ ਤਾਂ ਪਹਿਲਾਂ ਸਾਨੂੰ ਗੋਲੀ ਮਾਰ ਦਿਓ।' ਇੱਥੋਂ ਸ਼ੁਰੂਆਤ ਹੋਈ ਚਿਪਕੋ ਅੰਦੋਲਨ ਦੀ, ਜਿਸ ਦੇ ਚਲਦੇ ਸਰਕਾਰ ਨੂੰ ਝੁਕਣਾ ਪਿਆ ਅਤੇ ਇਸ ਇਲਾਕੇ 'ਚ ਦਰੱਖ਼ਤ ਕੱਟਣ 'ਤੇ ਰੋਕ ਲਾ ਦਿੱਤੀ ਗਈ।

ਜੋਸ਼ੀਮੱਠ ਸ਼ਹਿਰ ਦੀ ਜ਼ਮੀਨ ਦੇ ਅੰਦਰ ਜੋ ਕੁਝ ਚੱਲ ਰਿਹਾ ਹੈ, ਉਸ ਦਾ ਅਸਰ ਸ਼ਹਿਰ ਦੀ ਆਬੋ-ਹਵਾ ਅਤੇ ਉਥੇ ਰਹਿਣ ਵਾਲਿਆਂ ਦੀ ਜ਼ਿੰਦਗੀ 'ਤੇ ਦਿਸਣਾ ਸ਼ੁਰੂ ਹੋ ਗਿਆ ਹੈ। ਉਤਰਾਖੰਡ ਆਪਦਾ ਪ੍ਰਬੰਧਨ ਨਿਰਦੇਸ਼ਕ ਅਤੇ ਭੂ-ਗਰਭ ਸ਼ਾਸਤਰੀ ਪੀਯੂਸ਼ ਰੌਤੇਲਾ ਦਾ ਕਹਿਣਾ ਹੈ ਕਿ ਬੀਤੀ 2-3 ਜਨਵਰੀ ਦੀ ਦਰਮਿਆਨੀ ਰਾਤ ਨੂੰ ਭੂ-ਗਰਭ ਜਲ ਸਰੋਤ ਫਟਣ ਕਾਰਨ ਜੋਸ਼ੀਮੱਠ ਸ਼ਹਿਰ ਦੇ ਘਰਾਂ 'ਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ। ਉਹ ਕਹਿੰਦੇ ਹਨ, 'ਇਸ ਭੂ-ਗਰਭ ਜਲ ਸਰੋਤ ਨਾਲ ਹਰ ਮਿੰਟ ਚਾਰ ਤੋਂ ਪੰਜ ਸੌ ਲੀਟਰ ਬਰਫੀਲਾ ਪਾਣੀ ਬਾਹਰ ਆ ਰਿਹਾ ਹੈ। ਹਾਲੇ ਤੱਕ ਇਹ ਨਹੀਂ ਪਤਾ ਕਿ ਇਸ ਜਲ ਸਰੋਤ ਦਾ ਆਕਾਰ ਕਿੰਨਾ ਵੱਡਾ ਹੈ ਅਤੇ ਇਸ 'ਚ ਕਿੰਨਾ ਬਰਫੀਲਾ ਪਾਣੀ ਮੌਜੂਦ ਹੈ। ਇਹ ਵੀ ਸਪੱਸ਼ਟ ਨਹੀਂ ਕਿ ਇਹ ਅਚਾਨਕ ਕਿਉਂ ਫਟ ਗਿਆ।' ਵਿਗਿਆਨੀਆਂ ਨੇ ਆਪਣੀ ਸ਼ੁਰੂਆਤੀ ਜਾਂਚ 'ਚ ਇਹ ਪਾਇਆ ਕਿ ਜੋਸ਼ੀਮੱਠ ਦੀ ਜ਼ਮੀਨ ਧਸਣ 'ਚ ਜੋ ਤੇਜ਼ੀ ਆਈ ਹੈ, ਇਸ ਲਈ ਜਨਵਰੀ ਦੇ ਪਹਿਲੇ ਹਫ਼ਤੇ 'ਚ ਭੂ-ਗਰਭ ਜਲ ਸਰੋਤ ਦਾ ਫਟਣਾ ਹੈ, ਪਰ ਵਿਗਿਆਨੀਆਂ ਨੇ ਦਹਾਕੇ ਪਹਿਲਾਂ ਇਸ ਤਰ੍ਹਾਂ ਦੇ ਸੰਕਟ ਦੀ ਚੇਤਾਵਨੀ ਦੇ ਦਿੱਤੀ ਸੀ।

ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ ਦੇ ਰਿਟਾਇਰਡ ਵਿਗਿਆਨੀ ਡੀ ਐੱਮ ਬੈਨਰਜੀ ਨੇ ਕਿਹਾ ਕਿ ਫੋਰ ਲੇਨ ਹਾਈਵੇ ਨਿਰਮਾਣ ਨੇ ਪੂਰੇ ਸਿਸਟਮ ਨੂੰ ਕਮਜ਼ੋਰ ਕਰ ਦਿੱਤਾ ਹੈ ਅਤੇ ਇਸ ਨੂੰ ਬਣਾਉਣਾ ਨਹੀਂ ਚਾਹੀਦਾ ਸੀ। ਨਾਲ ਹੀ ਬੈਨਰਜੀ ਨੇ ਕਿਹਾ ਜੋਸ਼ੀਮੱਠ ਹੇਠਲੇ ਹਿਮਾਲਿਆ ਖੇਤਰ 'ਚ ਆਉਂਦਾ ਹੈ ਅਤੇ ਸਿਸਮਿਕ ਜ਼ੋਨ-4 'ਚ ਆਉਂਦਾ ਹੈ। ਇੱਥੇ ਲੋਕਾਂ ਨੂੰ ਤਿੰਨ-ਚਾਰ ਮੰਜ਼ਲਾ ਮਕਾਨ ਨਹੀਂ ਬਣਾਉਣੇ ਚਾਹੀਦੇ। ਉਨ੍ਹਾ ਅਨੁਸਾਰ ਜੋਸ਼ੀਮੱਠ ਬਹੁਤ ਕਮਜ਼ੋਰ ਜ਼ਮੀਨ 'ਤੇ ਹੈ। ਇਹ ਪੂਰਾ ਕਸਬਾ 6000-7000 ਸਾਲ ਪਹਿਲਾਂ ਆਏ ਇੱਕ ਵਿਸ਼ਾਲ ਜ਼ਮੀਨ ਧਸਣ ਕਾਰਨ ਬਣੀ ਜ਼ਮੀਨ 'ਤੇ ਵਸਿਆ ਹੋਇਆ ਹੈ।

ਆਪਦਾ ਪ੍ਰਬੰਧਨ ਦੇ ਅਧਿਕਾਰੀਆਂ ਨੇ ਜੋਸ਼ੀਮੱਠ ਦੇ ਕੁਝ ਹਿੱਸਿਆਂ ਨੂੰ ਰਹਿਣ ਦੇ ਲਿਹਾਜ਼ ਤੋਂ ਅਸੁਰੱਖਿਅਤ ਐਲਾਨ ਦਿੱਤਾ ਹੈ। ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਿਹਾ ਗਿਆ ਹੈ। ਘਰਾਂ ਅਤੇ ਸੜਕਾਂ 'ਤੇ ਤਰੇੜਾਂ ਚੌੜੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਜੋਸ਼ੀਮੱਠ ਦੇ ਨਿਵਾਸੀ ਡਰ ਦੇ ਮਾਹੌਲ 'ਚ ਘਰ ਛੱਡ ਰਹੇ ਹਨ।

ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਜੋਸ਼ੀਮੱਠ ਦੇ ਨੇੜੇ ਚੱਲ ਰਹੀ ਥਰਮਲ ਯੋਜਨਾ ਦੇ ਕਾਰਨ ਪਹਾੜ ਅੰਦਰੋਂ ਖੋਖਲੇ ਹੁੰਦੇ ਜਾ ਰਹੇ ਹਨ। ਜੋਸ਼ੀਮੱਠ ਬਚਾਓ ਸੰਘਰਸ਼ ਕਮੇਟੀ ਦੇ ਪ੍ਰਧਾਨ ਅਤੁਲ ਸਤੀ ਦਾ ਕਹਿਣਾ ਹੈ ਕਿ ਸਰਕਾਰ ਨੇ ਹੁਣ ਕੰਮ ਕਿਉਂ ਬੰਦ ਕਰ ਦਿੱਤਾ, ਜਦ ਅਸੀਂ ਜ਼ਮੀਨ 'ਚ ਸਮਾਉਣ ਦੀ ਕਗਾਰ 'ਤੇ ਹਾਂ, ਉਨ੍ਹਾਂ ਇੱਧਰ ਪਹਿਲਾਂ ਧਿਆਨ ਕਿਉਂ ਨਹੀਂ ਦਿੱਤਾ। ਅਤੁਲ ਸਤੀ ਦਾ ਦਾਅਵਾ ਹੈ ਕਿ ਤਪੋਵਨ ਵਿਸ਼ਣੂਗੜ੍ਹ ਪ੍ਰੋਜੈਕਟ ਦੇ ਤਹਿਤ ਬਣਾਈ ਗਈ ਸੁਰੰਗ ਨੇ ਜ਼ਮੀਨ ਨੂੰ ਖੋਖਲਾ ਕਰ ਦਿੱਤਾ ਹੈ। ਸਥਾਨਕ ਲੋਕਾਂ ਦੀਆਂ ਚਿੰਤਾਵਾਂ ਉਦੋਂ ਹੋਰ ਵਧ ਗਈਆਂ, ਜਦ ਜੋਸ਼ੀਮੱਠ ਦੇ ਮਾਰਵਾੜੀ ਵਾਰਡ ਅਤੇ ਵਾਰਡ-2 ਦੀ ਜ਼ਮੀਨ 'ਚੋਂ ਪਾਣੀ ਬਾਹਰ ਆਉਂਦਾ ਦੇਖਿਆ। ਲੋਕਾਂ ਨੂੰ ਸ਼ੱਕ ਹੈ ਕਿ ਪਾਣੀ ਪਹਾੜ 'ਤੇ ਬਣਾਈ ਜਾ ਰਹੀ ਸੁਰੰਗ ਤੋਂ ਰਿਸਦਾ ਹੋਇਆ ਆ ਰਿਹਾ ਹੈ।

ਇਸ ਖੇਤਰ ਦਾ ਅਧਿਐਨ ਕਰਨ ਵਾਲੇ ਭੂ-ਸ਼ਾਸਤਰੀ ਐੱਸ ਪੀ ਸਤੀ ਦਾ ਕਹਿਣਾ ਹੈ ਕਿ ਮਾਰਵਾੜੀ 'ਚ ਜੋ ਪਾਣੀ ਬਾਹਰ ਨਿਕਲ ਰਿਹਾ ਹੈ, ਉਸ ਦਾ ਮਿਲਣ ਧੌਲੀ ਗੰਗਾ ਦੇ ਪਾਣੀ ਨਾਲ ਹੋਣਾ ਚਾਹੀਦਾ ਹੈ। ਇਹ ਉਹ ਜਗ੍ਹਾ ਹੈ, ਜਿੱਥੇ ਐੱਨ ਟੀ ਪੀ ਸੀ ਦੇ ਤਪੋਵਨ ਵਿਸ਼ਣੂਗੜ੍ਹ ਦੀ ਸੁਰੰਗ ਪ੍ਰੋਜੈਕਟ ਸ਼ੁਰੂ ਹੁੰਦੀ ਹੈ। ਤਪੋਵਨ ਜੋਸ਼ੀਮੱਠ ਤੋਂ 15 ਕਿਲੋਮੀਟਰ ਦੂਰ ਹੈ ਅਤੇ ਸੁਰੰਗ ਜੋਸ਼ੀਮੱਠ ਤੋਂ ਪੰਜ ਕਿਲੋਮੀਟਰ ਦੂਰ ਸੇਲੰਗ 'ਚ ਸ਼ੁਰੂ ਹੁੰਦੀ ਹੈ। ਇੱਕ ਰਿਪੋਰਟ 'ਚ ਕਿਹਾ ਗਿਆ ਕਿ ਜੋਸ਼ੀਮੱਠ ਦੇ ਕੋਲ ਢਲਾਣ ਬਹੁਤ ਅਸਥਿਰ ਹੋ ਗਈ ਹੈ।

ਸਤੀ ਦੱਸਦੇ ਹਨ ਕਿ ਸਾਲ 2013 'ਚ ਚਿੰਤਾ ਪ੍ਰਗਟਾਈ ਗਈ ਸੀ ਕਿ ਹਾਈਡਰੋ ਪਾਵਰ ਪ੍ਰੋਜੈਕਟ ਨਾਲ ਜੁੜੀਆਂ ਸੁਰੰਗਾਂ ਉਤਰਾਖੰਡ 'ਚ ਤਬਾਈ ਲਿਆ ਸਕਦੀਆਂ ਹਨ। ਉਸ ਸਾਲ ਇਹ ਪ੍ਰੋਜੈਕਟ ਰੋਕ ਦਿੱਤਾ ਗਿਆ ਸੀ। ਜੋਸ਼ੀਮੱਠ ਨਗਰ ਪਾਲਿਕਾ ਨੇ ਬੀਤੇ ਦਸੰਬਰ 'ਚ ਕਰਾਏ ਆਪਣੇ ਸਰਵੇ 'ਚ ਪਾਇਆ ਕਿ ਇਸ ਤਰ੍ਹਾਂ ਦੀ ਆਪਦਾ ਨਾਲ 2882 ਲੋਕ ਪ੍ਰਭਾਵਤ ਹੋ ਸਕਦੇ ਹਨ। ਨਗਰ ਪਾਲਿਕਾ ਪ੍ਰਧਾਨ ਸ਼ੈਲੇਂਦਰ ਪਵਾਰ ਨੇ ਕਿਹਾ ਕਿ ਹੁਣ 550 ਮਕਾਨ ਅਸੁਰੱਖਿਅਤ ਹਨ, ਜਿਨ੍ਹਾਂ 'ਚੋਂ 150 ਮਕਾਨ ਇਸ ਤਰ੍ਹਾਂ ਦੇ ਹਨ, ਜੋ ਕਦੀ ਵੀ ਡਿੱਗ ਸਕਦੇ ਹਨ। ਸਥਾਨਕ ਪ੍ਰਸ਼ਾਸਨ ਮੁਤਾਬਕ ਇਲਾਕੇ ਦੇ 561 ਮਕਾਨਾਂ 'ਚ ਤਰੇੜਾਂ ਆ ਚੁੱਕੀਆਂ ਹਨ। ਇਨ੍ਹਾਂ 'ਚੋਂ ਰਵੀਗ੍ਰਾਮ 'ਚ 153, ਗਾਂਧੀਨਗਰ 'ਚ 127, ਮਨੋਹਰਬਾਗ 'ਚ 71, ਸਿੰਘਧਾਰ 'ਚ 52, ਪਰਸਾਰੀ 'ਚ 50, ਅੱਪਰ ਬਾਜ਼ਾਰ 'ਚ 29, ਸੁਨੀਲ 'ਚ 27, ਮਾਰਵਾੜੀ 'ਚ 28 ਅਤੇ ਲੋਅਰ ਬਾਜ਼ਾਰ 'ਚ 24 ਮਕਾਨ ਖ਼ਤਰੇ ਦੇ ਕਗਾਰ 'ਤੇ ਹਨ।

ਇਸ ਤਰ੍ਹਾਂ ਦੀ ਘਟਨਾ 1970 'ਚ ਵੀ ਸਾਹਮਣੇ ਆਈ ਸੀ। ਇਸ ਕੁਦਰਤੀ ਆਪਦਾ ਦੇ ਕਾਰਨਾਂ ਦੀ ਜਾਂਚ ਲਈ ਗੜਵਾਲ ਦੇ ਕਮਿਸ਼ਨਰ ਮਿਸ਼ਰਾ ਦੀ ਪ੍ਰਧਾਨਗੀ 'ਚ ਇੱਕ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਸਾਲ 1978 'ਚ ਆਪਣੀ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਜੋਸ਼ੀਮੱਠ ਨੀਤੀ ਅਤੇ ਮਾਨਾ ਘਾਟੀ 'ਚ ਵੱਡੇ ਨਿਰਮਾਣ ਕੰਮ ਨਹੀਂ ਕਰਨੇ ਚਾਹੀਦੇ, ਕਿਉਂਕਿ ਇਹ ਖੇਤਰ ਮੋਰੇਂਸ 'ਤੇ ਟਿਕਿਆ ਹੋਇਆ ਹੈ। ਮੋਰੇਂਸ ਉਹ ਜਗ੍ਹਾ ਹੁੰਦੀ ਹੈ, ਜੋ ਗਲੇਸ਼ੀਅਰ ਦੇ ਪਿਘਲ ਜਾਣ ਤੋਂ ਬਾਅਦ ਅਸਥਿਰ ਮਿੱਟੀ ਦਾ ਢੇਰ ਹੁੰਦਾ ਹੈ। ਸ਼ਹਿਰ ਵੀ ਉਸ ਅਸਥਿਰ ਮਿੱਟੀ 'ਤੇ ਵਸਿਆ ਹੈ, ਜਿਸ ਦੀਆਂ ਨੀਂਹਾਂ ਕਮਜ਼ੋਰ ਹੋ ਗਈਆਂ ਹਨ।

ਅਸਲ 'ਚ ਕੁਦਰਤ ਨਾਲ ਛੇੜਛਾੜ ਕਰਨ ਕਾਰਨ ਅੱਜ ਹਿਮਾਲਿਆ ਖੇਤਰ ਕੁਦਰਤੀ ਕਰੋਪੀ ਦਾ ਸ਼ਿਕਾਰ ਹੈ, ਜੋਸ਼ੀਮੱਠ 'ਚ ਪੈਦਾ ਹੋਈ ਇਹ ਭੂਮੀ ਧਸਣ ਦੀ ਤਰਾਸਦੀ ਪਹਿਲੀ ਤਰਾਸਦੀ ਨਹੀਂ, ਬਲਕਿ ਹਿਮਾਚਲ 'ਚ ਭੂਚਾਲ, ਜ਼ਮੀਨ ਖਿਸਕਣ ਵਰਗੀਆਂ ਕੁਦਰਤੀ ਆਫਤਾਂ ਨਾਲ ਪਿਛਲੇ ਅੱਠ-ਦਸ ਸਾਲਾਂ ਦੇ ਰਿਕਾਰਡ ਦੱਸਦੇ ਹਨ ਕਿ ਪਹਾੜ ਅੰਨ੍ਹੇ ਵਿਕਾਸਵਾਦੀਆਂ ਤੋਂ ਬਹੁਤ ਨਰਾਜ਼ ਹਨ।

ਟਾਇਮਜ਼ ਇੰਟਰਨੈੱਟ ਦੀ ਇੱਕ ਰਿਪੋਰਟ ਮੁਤਾਬਕ ਦੇਹਰਾਦੂਨ ਦੇ ਵਾਡਿਆ ਇੰਸਟੀਚਿਊਟ ਆਫ਼ ਹਿਮਾਲਿਅਨ ਜਿਊਲੋਜੀ ਦੇ ਵਿਗਿਆਨੀਆਂ ਨੇ ਜੋਸ਼ੀਮੱਠ 'ਚ ਤੇਜ਼ੀ ਨਾਲ ਜ਼ਮੀਨ ਧਸਣ 'ਤੇ ਅਧਿਐਨ ਕੀਤਾ। ਉਨ੍ਹਾਂ ਸੈਟੇਲਾਈਟ ਤਸਵੀਰਾਂ ਦੀ ਮਦਦ ਨਾਲ ਇਹ ਨਤੀਜਾ ਕੱਢਿਆ ਕਿ ਜੋਸ਼ੀਮੱਠ ਸ਼ਹਿਰ ਹਰ ਸਾਲ 85 ਮਿਲੀਮੀਟਰ ਦੀ ਰਫ਼ਤਾਰ ਨਾਲ ਧਸ ਰਿਹਾ ਹੈ। ਸਭ ਤੋਂ ਦੁਖਦਾਈ ਖ਼ਬਰ ਇਹ ਹੈ ਕਿ ਭੂ-ਵਿਗਿਆਨੀ ਇਹ ਮੰਨਦੇ ਹਨ ਕਿ ਹੁਣ ਇਹ ਤਰੇੜਾਂ ਨੂੰ ਭਰਿਆ ਨਹੀਂ ਜਾ ਸਕਦਾ। ਇੱਕ ਪੂਰਾ ਸ਼ਹਿਰ ਤਬਾਹ ਹੋਣ ਦੀ ਕਗਾਰ 'ਤੇ ਪਹੁੰਚ ਚੁੱਕਿਆ ਹੈ। ਹੁਣ ਪ੍ਰਸ਼ਾਸਨ ਦਾ ਧਿਆਨ ਸਿਰਫ ਉਥੇ ਰਹਿੰਦੇ ਲੋਕਾਂ ਨੂੰ ਬਚਾਉਣ ਵੱਲ ਹੋਣਾ ਚਾਹੀਦਾ ਹੈ, ਕਿਉਂਕਿ ਜੋਸ਼ੀਮੱਠ ਨੂੰ ਹੁਣ ਧਸਣ ਤੋਂ ਕੋਈ ਵੀ ਬਚਾ ਨਹੀਂ ਸਕਦਾ।

**ਪੇਸ਼ਕਸ਼ : ਕਮਲਜੀਤ ਥਾਬਲਕੇ**

## ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ ਨੇ ਲੋੜਵੰਦ ਪਰਵਾਰਾਂ ਨੂੰ ਮਕਾਨਾਂ ਦੀਆਂ ਚਾਬੀਆਂ ਸੌਂਪੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨਜ਼ਦੀਕੀ ਪਿੰਡ ਭੁੰਗਰਨੀ ਵਿਖੇ ਅਮਰ ਕੌਰ ਚਰਨ ਕੌਰ ਵੈਲਫੇਅਰ ਸੋਸਾਇਟੀ (ਰਜਿ) ਵੱਲੋਂ ਭੁੰਗਰਨੀ ਵਿਖੇ ਗਰੀਬ ਅਤੇ ਲੋੜਵੰਦ ਚਾਰ ਪਰਵਾਰਾਂ ਨੂੰ ਬਣਾ ਕੇ ਦਿੱਤੇ ਮਕਾਨਾਂ ਦੀਆਂ ਚਾਬੀਆਂ ਸੋਸਾਇਟੀ ਮੈਂਬਰਾਂ ਵਲੋਂ ਉਹਨਾਂ ਦੇ ਪਰਵਾਰਾਂ ਨੂੰ ਸੌਂਪੀਆਂ ਗਈਆਂ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਅਤੇ ਸੋਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ ਨੇ ਦੱਸਿਆ ਕਿ ਇਸ ਸੁਸਾਇਟੀ ਦੇ ਸਰਪ੍ਰਸਤ ਡਾਕਟਰ ਹਰਦੇਵ ਸਿੰਘ ਪਰਹਾਰ ਯੂ ਐਸ ਏ, ਡਾਕਟਰ ਜਸਵਿੰਦਰ ਕੌਰ ਪਰਹਾਰ ਯੂ ਐਸ ਏ ਅਤੇ ਸੁਸਾਇਟੀ ਵੱਲੋਂ ਪਿੰਡ ਅਤੇ ਇਲਾਕੇ ਦੇ ਵਿਕਾਸ ਕਾਰਜਾਂ ਲਈ ਬਹੁਤ ਵੱਡਾ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਖਨੌੜਾ ਵਿਖੇ ਵੀ ਤਿੰਨ ਗਰੀਬ ਪਰਵਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਹਨ ਜੋ ਜਲਦੀ ਬਣ ਕੇ ਤਿਆਰ ਹੋ ਜਾਣੇ ਹਨ। ਉਨਾਂ ਇਹ ਵੀ ਦੱਸਿਆ ਕਿ ਸੁਸਾਇਟੀ ਵੱਲੋਂ ਪਿੰਡ ਭੁੰਗਰਨੀ ਦੇ ਸ.ਸ.ਸ. ਸਕੂਲ ਲਈ ਆਧੁਨਿਕ ਆਫ਼ਿਸ, ਲੜਕੀਆਂ ਵਾਸਤੇ ਟਾਇਲਟ ਬਲਾਕ ਬਣਾ ਕੇ ਦਿੱਤਾ। ਵੱਖ-ਵੱਖ ਪਿੰਡਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਫ਼ੀਸ ਵੀ ਦੇ ਰਹੇ ਹਨ, ਨਾ ਲਾਭ ਤੇ ਨਾ ਹਾਨੀ ਦਾ ਇਕ ਗੁਰੂ ਨਾਨਕ ਮੋਦੀ ਖ਼ਾਨਾ ਕਰਿਆਨਾ ਸਟੋਰ ਵੀ ਲੋਕਾਂ ਦੀ ਸਹੂਲਤ ਲਈ ਸੁਸਾਇਟੀ ਚਲਾ ਰਹੀ ਹੈ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਮਿਨਹਾਸ, ਜਗਤਾਰ ਸਿੰਘ ਭੁੰਗਰਨੀ ਮੀਤ ਪ੍ਰਧਾਨ, ਪਰਮਿੰਦਰ ਸਿੰਘ ਪੋਸੀ ਜਨਰਲ ਸਕੱਤਰ, ਜਥੇਦਾਰ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਰੀ ਫਰੰਟ, ਸਤਵੰਤ ਸਿੰਘ ਮੈਂਬਰ, ਸਤਨਾਮ ਸਿੰਘ ਪਰਹਾਰ, ਸਤਨਾਮ ਸਿੰਘ ਸ਼ਿੰਦੂ, ਕੁਲਵੰਤ ਕੌਰ ਮਸੂਤਾ, ਮਨਜੀਤ ਸਿੰਘ ਰਿਹਾਣਾ ਜੱਟਾਂ, ਰੋਸ਼ਮ ਸਿੰਘ ਬੱਲਾ ਆਦਿ ਹਾਜ਼ਰ ਸਨ।

## ਟਰਾਈਡੈਂਟ ਮਾਲਵਾ ਕ੍ਰਿਕਟ ਕੱਪ ਸ਼ਾਨੋ-ਸ਼ੌਕਤ ਨਾਲ ਸਮਾਪਤ

### ਲੁਧਿਆਣਾ ਦੀ ਟੀਮ ਬਣੀ ਟਰਾ